# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੯: ਸੰਪਜਨਾ (ਖ਼ਾਲਸ ਬੋਧ)

ਸੰਪਜਨਾ, 'ਖ਼ਾਲਸ ਬੋਧ' ਮਗਧ ਵਿੱਚ ਸ਼ਫ਼ਾਫ਼ ਜ਼ਮੀਰ ਵਾਲੇ ਜਗਿਆਸੂ ਦੀ ਜੁਸਤਜੂ। ਗੁਰੂ ਨਾਨਕ ਨੇ ਆਪਣੀਆਂ ਸੋਚਾਂ ਦਾ ਵਿਖਿਆਨ ਸ਼ੰਕਾਵਾਦੀਆਂ ਸਾਹਮਣੇ ਕੀਤਾ ਜੋ ਹਾਜ਼ਰਾ-ਹਜ਼ੂਰ ਦੀ ਹੋਂਦ ਨੂੰ ਨਾ ਕਬੂਲ ਕਰਦੇ ਹਨ ਅਤੇ ਨਾ ਹੀ ਉਸ ਤੋਂ ਮੁਨਕਰ ਹਨ।

ਹੁਕਮੇ ਆਡਾਣੇ ਆਗਾਸੀ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥
(ਰਾਗ ਮਾਰੂ, ਗੁਰੂ ਨਾਨਕ)

ਆਕਾਸ਼ ਦਾ ਵਸੀਹ ਪਸਾਰਾ ਕੁਦਰਤ ਦੇ ਹੁਕਮ ਵਿੱਚ ਬੱਝਿਆ ਹੋਇਆ ਹੈ।
ਕੁਦਰਤ ਦੇ ਹੁਕਮ ਵਿੱਚ ਜਲ, ਥਲ ਅਤੇ ਤਿੰਨੇ ਜਗਤਾਂ ਵਿੱਚ ਚੇਤਨਾ ਵਸਦੀ ਹੈ।
ਕੁਦਰਤ ਦੇ ਹੁਕਮ ਵਿੱਚ ਸਿਰਜਣਾ ਧੜਕਦੀ ਅਤੇ ਵਿਗਸਦੀ ਹੈ।
ਕੁਦਰਤ ਦੇ ਹੁਕਮ ਨੂੰ ਜਿੰਨਾ ਬੁੱਝਿਆ ਜਾਵੇ ਓਨਾ ਹੀ ਜ਼ਾਹਿਰ ਹੁੰਦਾ ਹੈ।
(ਰਾਗ ਮਾਰੂ, ਗੁਰੂ ਨਾਨਕ)

ਕੁਦਰਤ ਦਾ ਹੁਕਮ ਹੀ ਲਗਾਤਾਰ ਸਮੁੱਚੀ ਕਾਇਨਾਤ ਦੀ ਚਾਲ ਕਾਇਮ ਰੱਖਦਾ ਹੈ। ਇਸ ਵਿੱਚ ਕਰਮ ਦੀ ਲਚਕ ਦੀ ਨਵਾਜ਼ਸ਼ ਹੈ ਅਤੇ ਹਰ ਜੀਅ ਦੇ ਹਿੱਸੇ ਅਮਲਾਂ ਦੀ ਮਰਜ਼ੀ ਦੀ ਮਾਲਕੀ ਆਈ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਹਰ ਜੀਅ ਦੇ ਅਮਲ ਹੀ ਉਸ ਦੀ ਹੋਣੀ ਤੈਅ ਕਰਦੇ ਹਨ।

ਵਾਰਾਣਸੀ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਚੰਦੌਲੀ, ਸਾਸਾਰਾਮ, ਗਯਾ, ਬੋਧਗਯਾ ਅਤੇ ਹਾਜੀਪੁਰ ਰਾਹੀਂ ਸੋਨਪੁਰ ਦਾ ਸਫ਼ਰ ਕੀਤਾ। ਉਨ੍ਹਾਂ ਨੇ ਵਾਰਾਣਸੀ ਤੋਂ ਬਾਅਦ ਸਭ ਤੋਂ ਪਹਿਲਾਂ ਚੰਦੌਲੀ ਦਾ ਸਫ਼ਰ ਕੀਤਾ।

ਵਾਰਾਣਸੀ ਤੋਂ ਹਾਜੀਪੁਰ ਜਾਂਦੇ ਹੋਏ ਅਸੀਂ ਰੇਲਗੱਡੀ ਰਾਹੀਂ ਚੰਦੌਲੀ ਜਾਣ ਦਾ ਫ਼ੈਸਲਾ ਕੀਤਾ। ਉੱਤਰ ਪ੍ਰਦੇਸ਼ ਵਿੱਚ ਗੰਗਾ ਨਦੀ ਦੇ ਦੱਖਣ-ਪੂਰਬ ਵੱਲ ਚੰਦੌਲੀ ਹੈ ਜੋ ਬਿਹਾਰ ਦੀ ਸਰਹੱਦ ਦੇ ਨੇੜੇ ਪੈਂਦਾ ਹੈ।

ਜ਼ਿੰਦਗੀ ਵੀ ਰੇਲਗੱਡੀ ਦੇ ਸਫ਼ਰ ਵਾਂਗ ਹੈ। ਮੁਸਾਫ਼ਰ ਜਨਮ ਤੋਂ ਮੌਤ ਦੇ ਸਫ਼ਰ ਵਾਂਗ ਇੱਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਦਾ ਸਫ਼ਰ ਕਰਦੇ ਹਨ ਅਤੇ ਰਾਹ ਵਿੱਚ ਮਿਲਦੇ-ਵਿੱਛੜਦੇ ਰਹਿੰਦੇ ਹਨ। ਰੇਲਗੱਡੀ ਦਾ ਸਫ਼ਰ ਸਿਖਾਉਂਦਾ ਹੈ ਕਿ ਸਾਨੂੰ ਹਾਲਾਤ ਦਾ ਬੇਗਰਜ਼ ਹੋ ਕੇ ਲਾਹਾ ਲੈਂਦੇ ਹੋਏ ਅਤੇ ਬਿਨਾਂ ਕਿਸੇ ਸ਼ਰਤ ਤੋਂ ਲਗਾਅ ਰੱਖਦੇ ਹੋਏ ਬੇਲਾਗ ਹੋਣਾ ਚਾਹੀਦਾ ਹੈ।

'ਜਨਮਸਾਖੀ' ਸਾਹਿਤ ਵਿੱਚ ਦਰਜ ਹੈ ਕਿ ਗੁਰੂ ਨਾਨਕ ਦੀ ਮੁਲਾਕਾਤ ਚੰਦੌਲੀ ਵਿੱਚ ਹਰੀ ਨਾਥ ਨਾਲ ਹੋਈ ਜੋ ਸ਼ਹਿਰ ਦੇ ਮੁਹਤਬਰ ਸਨ। ਹਰੀ ਨਾਥ ਦੇ ਮਨ ਦੀ ਹਾਲਤ ਹੰਗਾਮਾ ਖੇਜ਼ ਸੀ ਅਤੇ ਉਹ ਆਪਣੇ ਮੁਖੀ ਵਾਲੇ ਅਹੁਦੇ ਨੂੰ ਛੱਡਣ ਬਾਬਤ ਸੋਚ ਰਹੇ ਸਨ। ਗੁਰੂ ਨਾਨਕ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਗੁਣਵਾਨ ਆਗੂ ਵਾਂਗ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਅਤੇ ਲੋਕਾਂ ਦੀ ਬੇਗ਼ਰਜ਼ ਸੇਵਾ ਕਰਨ, ਅਜਿਹਾ ਕਰਦੇ ਸਮੇਂ ਉਹ ਲਗਾਅ ਕਾਇਮ ਰੱਖਦੇ ਹੋਏ ਵੀ ਬੇਲਾਗ ਰਹਿ ਸਕਦੇ ਹਨ।

ਜੀਉ ਤਪਤੁ ਹੈ ਬਾਰੋ ਬਾਰ॥
ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥
ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥
(ਰਾਗ ਧਨਾਸਰੀ, ਗੁਰੂ ਨਾਨਕ)

ਮਨ ਵਾਰ-ਵਾਰ ਬਿਪਤਾ ਵਿੱਚ ਤਪਿਆ ਰਹਿੰਦਾ ਹੈ।
ਬੇਕਾਰ ਖਪਿਆ ਰਹਿੰਦਾ ਹੈ।
ਜਿਹੜਾ ਤਨ ਬਾਣੀ ਭੁੱਲ ਜਾਂਦਾ ਹੈ
ਉਹ ਪੁਰਾਣੇ ਰੋਗ ਦੇ ਰੋਗੀ ਵਾਂਗ ਵਿਰਲਾਪ ਕਰਦਾ ਰਹਿੰਦਾ ਹੈ।
ਜ਼ਿਆਦਾ ਬੋਲਣਾ ਫ਼ਜ਼ੂਲ ਹੈ।
ਸਾਡੇ ਬੋਲਣ ਤੋਂ ਬਿਨਾਂ ਹੀ ਇਲਾਹੀ ਤਾਕਤ ਜਾਣੀ-ਜਾਣ ਹੈ।
ਮਨ ਵਾਰ-ਵਾਰ ਬਿਪਤਾ ਵਿੱਚ ਤਪਿਆ ਰਹਿੰਦਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਗੁਰੂ ਨਾਨਕ ਨੇ ਬਿਆਨ ਕੀਤਾ ਕਿ ਜਦੋਂ ਮਨ ਵਹਿਮ ਵਿੱਚ ਫਸਿਆ ਹੋਵੇ ਤਾਂ ਇਹ ਗ਼ਮਗ਼ੀਨ ਅਤੇ ਬੜਬੋਲਾ ਹੋ ਜਾਂਦਾ ਹੈ। ਇਹ ਤਨ ਅਤੇ ਮਨ ਨੂੰ ਜ਼ਖ਼ਮੀ ਕਰਦਾ ਹੈ।

ਇਸ ਦਾ ਇੱਕੋ ਇਲਾਜ ਹੈ ਕਿ ਮਨੁੱਖ ਆਪਣੀ ਆਤਮ ਪੜਚੋਲ ਰਾਹੀਂ ਵਹਿਦਤ ਦੀ ਸਚਾਈ ਕਬੂਲ ਕਰੇ।

ਚੰਦੌਲੀ ਵਿੱਚ ਸਾਨੂੰ ਗੁਰੂ ਨਾਨਕ ਦੇ ਇੱਥੇ ਆਉਣ ਦੀ ਕੋਈ ਯਾਦ-ਨਿਸ਼ਾਨੀ ਨਹੀਂ ਮਿਲੀ।

ਚੰਦੌਲੀ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਾਸਾਰਾਮ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਚੰਦੌਲੀ ਤੋਂ ਸਾਸਾਰਾਮ ਜਾ ਰਹੇ ਹਾਂ।

**ਅਮਰਦੀਪ ਸਿੰਘ:** ਇਤਿਹਾਸ ਪੱਖੋਂ ਸਾਸਾਰਾਮ ਉੱਤੇ ਸੂਫ਼ੀ ਮਤ ਦਾ ਅਸਰ ਰਿਹਾ ਹੈ। ਗਯਾ ਜਾਣ ਵੇਲੇ ਗੁਰੂ ਨਾਨਕ ਸਾਸਾਰਾਮ ਰਾਹੀਂ ਗਏ ਸਨ।

ਸਾਸਾਰਾਮ ਤਾਕਤਵਰ ਅਫ਼ਗ਼ਾਨ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੀ ਜਨਮਭੋਂਇ ਹੈ ਜਿਸ ਨੇ ਸੋਲ੍ਹਵੀਂ ਸਦੀ ਦੌਰਾਨ ਉੱਤਰੀ ਇੰਡੀਆ ਵਿੱਚ ਰਾਜ ਕੀਤਾ। ਸਾਸਾਰਾਮ ਬਿਹਾਰ ਦਾ ਸ਼ਹਿਰ ਹੈ ਜਿਸ ਦਾ ਇਤਿਹਾਸ ਵੈਦਿਕ ਕਾਲ ਤੱਕ ਫੈਲਿਆ ਹੋਇਆ ਹੈ। ਇਹ ਸ਼ਹਿਰ ਬੋਧ ਮਤ ਦੇ ਤੀਰਥ ਅਸਥਾਨ ਗਯਾ ਨੂੰ ਜਾਂਦੇ ਰਾਹ ਲਈ ਮਸ਼ਹੂਰ ਸੀ।

ਸਾਸਾਰਾਮ ਵਿਖੇ ਗੁਰੂ ਨਾਨਕ ਦੀ ਯਾਦ ਨਾਲ ਜੁੜੀ ਕੋਈ ਖ਼ਸੂਸੀ ਥਾਂ ਨਹੀਂ ਹੈ।

ਸਾਸਾਰਾਮ ਸ਼ਹਿਰ ਵਿੱਚ ਗੁਰਦਵਾਰਾ ਚਾਚਾ ਫੱਗੂ ਮੱਲ ਹੈ। ਇਹ ਗੁਰਦਵਾਰਾ ਚਾਚਾ ਫੱਗੂ ਮੱਲ ਦੀ ਯਾਦ ਵਿੱਚ ਬਣਿਆ ਹੋਇਆ ਹੈ ਜਿਨ੍ਹਾਂ ਨੂੰ ਗੁਰੂ ਨਾਨਕ ਦਾ ਸੁਨੇਹਾ ਵਰਤਾਉਣ ਲਈ ਗੁਰੂ ਅਮਰਦਾਸ ਨੇ ਭੇਜਿਆ ਸੀ। ਉਦਾਸੀ ਸੰਪ੍ਰਦਾਇ ਨੇ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਪਸਾਰੇ ਲਈ ਬਿਹਾਰ ਵਿੱਚ ਕਈ ਮਰਕਜ਼ ਬਣਾਏ ਸਨ ਜੋ ਇਤਿਹਾਸ ਦੀ ਗੁਮਨਾਮੀ ਵਿੱਚ ਗੁਆਚ ਗਏ ਹਨ। ਸਾਸਾਰਾਮ ਦੇ ਬਾਹਰਵਾਰ ਇੱਕ ਪੁਰਸਕੂਨ ਪਿੰਡ ਹੈ ਜਿੱਥੇ ਸਾਡੀ ਮੁਲਾਕਾਤ ਮਹੰਤ ਬਜਰੰਗੀ ਦਾਸ ਉਦਾਸੀ ਨਾਲ ਹੋਈ। ਇਹ ਗੁਰੂ ਨਾਨਕ ਦੇ ਪੈਰੋਕਾਰ ਹਨ ਅਤੇ 'ਪ੍ਰਾਚੀਨ ਇਤਿਹਾਸਕ ਉਦਾਸੀ ਗੁਰਵਦਾਰਾ' ਦੇ ਸੇਵਾਦਾਰ ਹਨ। ਇਹ ਅਸਥਾਨ ਗੁਰੂ ਤੇਗ਼ ਬਹਾਦੁਰ ਦੀ ਯਾਦ ਵਿੱਚ ਉਸਾਰਿਆ ਗਿਆ ਹੈ।

**ਮਹੰਤ ਬਜਰੰਗੀ ਦਾਸ ਉਦਾਸੀਨ:**

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ॥
(ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਸਭ ਤੋਂ ਵੱਡਾ ਗੁਰੂ, ਸਤਿਗੁਰੂ ਆਪ ਹੈ ਜਿਸ ਨੇ ਮੈਨੂੰ ਮਾੜੀਆਂ ਸੋਚਾਂ ਤੋਂ ਬਚਾਇਆ ਹੈ।
ਸੱਚਾ ਵਿਵੇਕ ਮਨੁੱਖ ਨੂੰ ਰੌਸ਼ਨ-ਖ਼ਿਆਲ ਬਣਾਉਂਦਾ ਹੈ ਅਤੇ ਮਾੜੀਆਂ ਸੋਚਾਂ ਦੇ ਬੰਧਨ ਵਿੱਚ ਫਸਣ ਨਹੀਂ ਦਿੰਦਾ।
ਨਾਨਕ ਨੇ ਫ਼ਰਮਾਇਆ ਕਿ ਜਦੋਂ ਮਨ ਵਿੱਚ ਨਿਰੰਕਾਰ ਦਾ ਵਾਸਾ ਹੁੰਦਾ ਹੈ ਤਾਂ ਗਿਆਨ ਦਾ ਨਗ ਲਿਸ਼ਕਦਾ ਹੈ।
(ਗੁਰੂ ਨਾਨਕ)

ਮੇਰਾ ਨਾਮ ਮਹੰਤ ਬਜਰੰਗੀ ਦਾਸ ਉਦਾਸੀ ਹੈ ਅਤੇ ਮੈਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੇ ਚਲਾਏ ਹੋਏ ਉਦਾਸੀ ਮਤ ਨੂੰ ਮੰਨਦਾ ਹਾਂ। ਜਿਵੇਂ ਇਤਿਹਾਸ ਦੱਸਦਾ ਹੈ ਕਿ ਜਿਸ ਰਾਹ ਤੋਂ ਗੁਰੂ

ਨਾਨਕ ਦੇਵ ਜੀ ਮਹਾਰਾਜ ਗਏ, ਉਸੇ ਰਾਹ ਤੋਂ ਨੌਂਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਮਹਾਰਾਜ ਦਾ ਆਗਮਨ ਇਸ ਅਸਥਾਨ ਉੱਤੇ ਹੋਇਆ। ਉਸੇ ਸਮੇਂ ਤੋਂ ਸਾਡਾ ਪਰਿਵਾਰ ਇੱਥੇ ਸਾਸਾਰਾਮ ਵਿੱਚ ਵੱਸਿਆ ਹੋਇਆ ਹੈ। ਉਸੇ ਸਮੇਂ ਤੋਂ ਇਸ ਗੁਰਦਵਾਰੇ ਦੀ ਸੇਵਾ ਸੰਭਾਲ ਕਰ ਰਹੇ ਹਾਂ। ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖਿਆ ਉੱਤੇ ਜ਼ੋਰ ਦਿੰਦੇ ਸਨ। ਇਸ ਲਈ ਸਾਡੇ ਮਨ ਵਿੱਚ ਆਇਆ ਕਿ ਅਸੀਂ ਉਨ੍ਹਾਂ ਦੇ ਰੀਤਪਾਲ ਹਾਂ ਤਾਂ ਉਨ੍ਹਾਂ ਦੇ ਨਾਮ ਉੱਤੇ ਹੀ ਸਕੂਲ ਚਲਾਈਏ, ਆਪਣੇ ਬਿਹਾਰੀ ਬੱਚਿਆਂ ਅਤੇ ਲੋਕਾਂ ਨੂੰ ਦੱਸੀਏ ਕਿ ਗੁਰੂ ਨਾਨਕ ਕੌਣ ਸਨ। ਗੁਰੂ ਨਾਨਕ ਨੇ ਤਿੰਨ ਗੱਲਾਂ ਦੱਸੀਆਂ – ਨਾਮ ਜਪੋ, ਵੰਡ ਛਕੋ, ਕਿਰਤ ਕਰੋ। ਅਸੀਂ ਗੁਰੂ ਨਾਨਕ ਪਬਲਿਕ ਸਕੂਲ ਦੇ ਬੱਚਿਆਂ ਨੂੰ ਇਨ੍ਹਾਂ ਤਿੰਨਾਂ ਕਦਰਾਂ-ਕੀਮਤਾਂ ਬਾਰੇ ਦੱਸਦੇ ਹਾਂ।

ਪਿੰਡ ਦੇ ਸਾਧਨਹੀਣੇ ਵਾਸੀਆਂ ਨੂੰ ਵਿੱਦਿਆ ਅਤੇ ਇਲਾਜ ਦੇਣ ਲਈ ਇਸ ਗੁਰਦਵਾਰੇ ਵਿੱਚੋਂ ਸਕੂਲ ਅਤੇ ਦਵਾਖ਼ਾਨਾ ਚਲਾਇਆ ਜਾਂਦਾ ਹੈ ਅਤੇ ਇਸ ਅਸਥਾਨ ਦਾ ਇੰਤਜ਼ਾਮ ਉਦਾਸੀ ਸੰਪ੍ਰਦਾਇ ਕਰਦਾ ਹੈ।

ਗੁਰੂ ਨਾਨਕ ਦਾ ਸੁਨੇਹਾ ਵਰਤਾਉਣ ਲਈ ਉਦਾਸੀ ਸੰਪ੍ਰਦਾਇ ਨੇ ਬਹੁਤ ਸਾਰੇ ਕੇਂਦਰ ਸਥਾਪਿਤ ਕੀਤੇ। ਇਨ੍ਹਾਂ ਅਸਥਾਨਾਂ ਉੱਤੇ ਲੱਗੀਆਂ ਦਾਨੀਆਂ ਦੀਆਂ ਫ਼ਹਿਰਿਸਤਾਂ ਵਿੱਚੋਂ ਦਿਲਚਪਸ ਤੱਥ ਉਘੜਦਾ ਹੈ ਕਿ ਇਹ ਮਰਕਜ਼ ਮੁਕਾਮੀ ਗ਼ੈਰ-ਸਿੱਖ ਆਬਾਦੀ ਦੇ ਦਾਨ ਨਾਲ ਬਣੇ ਹਨ। ਇਹ ਗੁਰੂ ਨਾਨਕ ਦੇ ਫ਼ਲਸਫ਼ੇ ਦੀ ਵਸੀਹ ਕਬੂਲੀਅਤ ਦੀ ਗਵਾਹੀ ਭਰਦਾ ਹੈ ਕਿਉਂਕਿ ਇਹ ਫ਼ਲਸਫ਼ਾ ਕਾਇਨਾਤੀ ਹੈ।

ਇਸ ਅਸਥਾਨ ਦੇ ਦਰਸ਼ਨ ਨਾਲ ਵੱਖਰਾ ਆਨੰਦ ਮਹਿਸੂਸ ਹੁੰਦਾ ਹੈ ਕਿ ਗੁਰੂ ਨਾਨਕ ਦਾ ਬੇਗ਼ਰਜ਼ ਸੇਵਾ ਵਾਲਾ ਸੁਨੇਹਾ ਦੂਰ-ਦਰਾਡੀਆਂ ਥਾਂਵਾਂ ਉੱਤੇ ਮੁਕਾਮੀ ਲੋਕਾਂ ਦੇ ਹੱਥੀਂ ਆਪਣਾ ਰੰਗ ਵਿਖਾ ਰਿਹਾ ਹੈ ਅਤੇ ਜਿਨ੍ਹਾਂ ਦਾ ਪੰਜਾਬ ਨਾਲ ਕੋਈ ਰਾਬਤਾ ਨਹੀਂ ਹੈ।

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
(ਰਾਗ ਮਾਝ, ਗੁਰੂ ਨਾਨਕ)

ਕਿਸੇ ਨੂੰ ਗੱਲਾਂ ਨਾਲ ਚੈਨ ਨਹੀਂ ਮਿਲ ਸਕਦਾ।
ਸੱਚੀ ਕਮਾਈ ਹੀ ਮੁਕਤੀ ਦਾ ਸਬੱਬ ਬਣਦੀ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਜੇ ਗਿਆਨ ਨੂੰ ਅਮਲੀ ਜਾਮਾ ਨਾ ਪਹਿਨਾਇਆ ਜਾਵੇ ਤਾਂ ਇਹ ਅਕਾਰਥ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਕੋਈ ਬੇਹੇ ਖਾਣੇ ਨੂੰ ਮਸਾਲੇ ਪਾ ਕੇ ਸੱਜਰਾ ਕਰਨ ਦੀ ਉਮੀਦ ਕਰਦਾ ਹੋਵੇ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਾਸਾਰਾਮ ਤੋਂ ਗਯਾ ਦਾ ਸਫ਼ਰ ਕੀਤਾ।

ਅਸੀਂ ਹੁਣ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਗਯਾ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗਯਾ ਸ਼ਹਿਰ ਫਲਗੂ ਨਦੀ ਦੇ ਕੰਢੇ ਵੱਸਿਆ ਹੈ ਅਤੇ ਤਿੰਨ ਪਾਸਿਆਂ ਤੋਂ ਨੀਵੇਂ ਪਥਰੀਲੇ ਪਹਾੜਾਂ ਨਾਲ ਘਿਰਿਆ ਹੈ। ਪੁਰਾਤਨ ਸਮਿਆਂ ਤੋਂ ਇਹ ਸ਼ਹਿਰ ਪਵਿੱਤਰ ਤੀਰਥ ਅਸਥਾਨ ਵਜੋਂ ਜਾਣਿਆ ਜਾਂਦਾ ਹੈ।

ਅਸੀਂ ਗਯਾ ਵਿੱਚ ਪੁਰਾਤਨ ਵਿਸ਼ਨੂਪਦ ਮੰਦਿਰ ਜਾ ਰਹੇ ਹਾਂ।

ਗਯਾ ਦਾ ਨਾਮ ਇੱਕ ਮਿਥਕ ਕਹਾਣੀ ਦੇ ਗਯਾਸੁਰ ਨਾਮੀ ਦੈਂਤ ਤੋਂ ਪਿਆ ਹੈ ਜੋ ਆਪਣੀ ਸ਼ਕਤੀ ਦੀ ਦੁਰਵਰਤੋਂ ਰਾਹੀਂ ਲੋਕਾਂ ਨੂੰ ਮੁਕਤ ਕਰਦਾ ਸੀ, ਜਿਸ ਕਾਰਨ ਵਿਸ਼ਨੂੰ ਨੇ ਗਯਾਸੁਰ ਦੇ ਸਿਰ ਉੱਤੇ ਪੈਰ ਰੱਖ ਕੇ ਉਸ ਨੂੰ ਖ਼ਤਮ ਕਰ ਦਿੱਤਾ। ਵਿਸ਼ਨੂੰਪਦ ਮੰਦਿਰ ਵਿੱਚ ਇੱਕ ਸਿਆਹ ਪੱਥਰ ਦੀ ਸਿੱਲ੍ਹ ਉੱਤੇ ਪੈਰ ਦਾ ਨਿਸ਼ਾਨ ਬਣਿਆ ਹੋਇਆ ਹੈ। ਹਿੰਦੂਆਂ ਦੀ ਮਨੌਤ ਹੈ ਕਿ ਇਹ ਵਿਸ਼ਨੂੰ ਦੇ ਪੈਰ ਦਾ ਨਿਸ਼ਾਨ ਹੈ ਜਦੋਂ ਕਿ ਬੋਧੀ ਮੰਨਦੇ ਹਨ ਕਿ ਇਹ ਗੌਤਮ ਬੁੱਧ ਦੇ ਪੈਰ ਦੀ ਛਾਪ ਹੈ। ਵਿਸ਼ਨੂੰਪਦ ਮੰਦਿਰ ਦੇ ਲਾਗੇ ਫਲਗੂ ਨਦੀ ਦੇ ਘਾਟ ਉੱਤੇ ਲੋਕ 'ਪਿੰਡ ਦਾਨ' ਕਰਦੇ ਹਨ ਤਾਂ ਜੋ ਉਨ੍ਹਾਂ ਦੇ ਪੂਰੇ ਹੋ ਗਏ ਰਿਸ਼ਤੇਦਾਰਾਂ ਨੂੰ ਮੁਕਤੀ ਮਿਲ ਸਕੇ।

**ਮਨੀ ਲਾਲ ਬਾਰਿਕ:** ਜਦੋਂ ਤੋਂ ਗਯਾ ਜੀ ਵਿੱਚ 'ਪਿੰਡ ਦਾਨ' ਸ਼ੁਰੂ ਹੋਇਆ ਹੈ, ਉਸੇ ਵੇਲੇ ਤੋਂ ਮੇਰੇ ਪੁਰਖੇ ਇੱਥੇ ਸਨ। ਸਾਡੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਜਿਹੜੇ ਹਿੰਦੂ ਤੀਰਥ ਯਾਤਰੀ ਜੰਮੂ, ਹਿਮਾਚਲ, ਪੰਜਾਬ, ਪਾਕਿਸਤਾਨ ਦੇ ਪੰਜਾਬ ਤੋਂ ਗਯਾ ਜੀ ਆਉਂਦੇ ਹਨ ਅਸੀਂ ਹੁਣ ਤੱਕ ਉਨ੍ਹਾਂ ਦਾ ਧਾਰਮਿਕ ਕਰਮ-ਕਾਂਡ, ਪਿੰਡ-ਦਾਨ, ਪੂਜਾ-ਪਾਠ ਰੀਤ ਮੁਤਾਬਕ ਕਰਵਾਉਂਦੇ ਹਾਂ।

ਪਿੰਡ ਚੜ੍ਹਾਵੇ ਦੇ ਸੱਤ ਪੇੜੇ ਹਨ ਜੋ ਚੌਲ ਅਤੇ ਕਣਕ ਦੇ ਆਟੇ, ਸੁੱਕੇ ਦੁੱਧ, ਸ਼ਹਿਦ ਅਤੇ ਤਿਲ਼ਾਂ ਦੇ ਬਣਦੇ ਹਨ। ਪੁਜਾਰੀ ਇਨ੍ਹਾਂ ਦਾ ਇਸਤੇਮਾਲ ਕਰਮ-ਕਾਂਡ ਲਈ ਕਰਦੇ ਹਨ ਅਤੇ ਆਪ 'ਦਾਨ' ਦੀ ਆਸ ਕਰਦੇ ਹਨ।

ਜਦੋਂ ਗੁਰੂ ਨਾਨਕ ਨਦੀ ਦੇ ਕੰਢੇ ਬੈਠ ਕੇ ਧਿਆਨ ਕਰ ਰਹੇ ਸਨ ਤਾਂ ਪੁਜਾਰੀਆਂ ਨੇ ਉਨ੍ਹਾਂ ਨੂੰ ਆਪਣੇ ਪੁਰਖਿਆਂ ਦੀਆਂ ਅੰਤਿਮ ਰਸਮਾਂ ਕਰਵਾਉਣ ਦੀ ਸਲਾਹ ਦਿੱਤੀ ਤਾਂ ਜੋ ਪੁਰਖਿਆਂ ਦੀ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਹੋ ਸਕੇ। ਗੁਰੂ ਨਾਨਕ ਨੇ ਉਨ੍ਹਾਂ ਨੂੰ ਹਲੀਮੀ ਨਾਲ ਇਨਕਾਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਗਿਆਨ ਦੇ ਦੀਵੇ ਜਗਾ ਕੇ ਅਗਿਆਨਤਾ ਦਾ ਹਨੇਰਾ ਚਾਕ ਕਰਨ ਵਾਲਾ ਰਸਮੋ-ਰਿਵਾਜ਼ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੌਤ ਤੋਂ ਬਾਅਦ ਮੁਕਤੀ ਦੀ ਆਸ ਬੇਕਾਰ ਹੈ। ਜ਼ਿੰਦਗੀ ਵਿੱਚ ਚੰਗੇ ਕਰਮ ਹੀ ਮੁਕਤੀ ਦਿਵਾ ਸਕਦੇ ਹਨ।

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥
(ਰਾਗ ਆਸਾ, ਗੁਰੂ ਨਾਨਕ)

ਫ਼ੌਤ ਹੋ ਚੁੱਕੇ ਪੁਰਖਿਆਂ ਨੂੰ ਪੇੜੇ ਦੀ ਦਾਵਤ ਦਿੱਤੀ ਜਾਂਦੀ ਹੈ ਪਰ ਪੁਜਾਰੀ ਦਾਨ ਖਾਂਦੇ ਹਨ।
ਨਾਨਕ ਨੇ ਫ਼ਰਮਾਇਆ ਕਿ ਰਹਿਮਤ ਦਾ ਪੇੜਾ ਕਦੇ ਖ਼ਤਮ ਨਹੀਂ ਹੁੰਦਾ।

(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਖ਼ੁਲਾਸਾ ਕੀਤਾ ਕਿ ਕਰਮ-ਕਾਂਡ ਦਾ ਦਸਤੂਰੀ ਅਮਲ ਮੁਕਤੀ ਦੇ ਨਾਮ ਉੱਤੇ ਪੈਦਾ ਕੀਤੀ ਗ਼ਲਤਫ਼ਹਿਮੀ ਹੈ। ਇਸ ਦੀ ਥਾਂ ਮਨੁੱਖ ਨੂੰ ਸ਼ੁਕਰਾਨਾ ਕਰਨਾ ਚਾਹੀਦਾ ਹੈ ਜੋ ਗੁਣ ਵਜੋਂ ਸਦਾ ਮਨੁੱਖ ਦੇ ਨਾਲ ਰਹਿੰਦਾ ਹੈ।

ਫਲਗੂ ਨਦੀ ਦੇ ਕੰਢਿਆਂ ਦੇ ਨਾਲ ਦੀ ਭੀੜੀਆਂ ਗਲੀਆਂ ਵਿੱਚ ਅਸੀਂ ਉਸ ਅਸਥਾਨ ਉੱਤੇ ਜਾ ਰਹੇ ਹਾਂ ਜੋ ਗੁਰੂ ਨਾਨਕ ਦੇ ਗਯਾ ਆਉਣ ਦੀ ਯਾਦ ਵਿੱਚ ਬਣਿਆ ਹੋਇਆ ਹੈ।

**ਅਮਰਦੀਪ ਸਿੰਘ: ਇਹ ਅਸਥਾਨ, ਫਲਗੂ ਨਦੀ ਦੇ ਕੰਢੇ, ਗੁਰੂ ਨਾਨਕ ਦੀ ਗਯਾ** ਵਿੱਚ ਆਮਦ ਦੀ ਯਾਦ **ਵਿਚ 'ਉਦਾਸੀਨ'** ਸੰਪ੍ਰਦਾਇ ਨੇ **ਬਣਾਇਆ ਸੀ**। ਇਸ ਅਸਥਾਨ ਨੂੰ ਗੁਰਦਵਾਰਾ ਦਿਓ ਘਾਟ ਕਹਿੰਦੇ ਹਨ। ਹੁਣ ਇਹ ਅਸਥਾਨ ਵਿਰਾਨ ਪਿਆ ਹੈ।

ਗੁਰੂ ਹਰਗੋਬਿੰਦ ਦੇ ਸਮਕਾਲੀ ਬਾਬਾ ਅਲਮਸਤ ਨੇ ਸਿੱਖਿਆ ਦਾ ਇਹ ਮਰਕਜ਼, ਗੁਰਦਵਾਰਾ ਦਿਓ ਘਾਟ ਬਣਾਇਆ ਸੀ। ਮੰਦੇਭਾਗੀਂ ਹੁਣ ਇਹ ਅਸਥਾਨ ਖੰਡਰ ਹੈ। ਇਤਿਹਾਸ ਵਿੱਚ ਇਹ ਗਵਾਹੀ ਮਿਲਦੀ ਹੈ ਕਿ ਕਿਸੇ ਵੇਲੇ ਬਾਬਾ ਅਲਮਸਤ ਦੀ ਮੋਹਰ ਅਤੇ ਗੁਰੂ ਤੇਗ਼ ਬਹਾਦੁਰ ਦਾ 'ਹੁਕਮਨਾਮਾ' ਇੱਥੇ ਸੰਭਾਲ ਕੇ ਰੱਖੇ ਹੋਏ ਸਨ। ਇਸ ਅਸਥਾਨ ਦੇ ਆਖ਼ਰੀ ਨਾਮੀ ਮਹੰਤ ਬਾਬਾ ਰਾਮ ਦਾਸ ਉਦਾਸੀ ਸਨ। ਇੱਥੇ ਬਚੀ ਪਾਲਕੀ ਉੱਤੇ ਗੁਰਮੁਖੀ ਵਿੱਚ 'ਗੁਰੂ ਗ੍ਰੰਥ ਸਾਹਿਬ' ਦੇ ਸ਼ਬਦ ਲਿਖੇ ਗਏ ਹਨ। ਸਾਨੂੰ ਕਿਸੇ ਮੁਕਾਮੀ ਬਜ਼ੁਰਗ ਨੇ ਦੱਸਿਆ ਕਿ ਉਸ ਦੀ ਜਵਾਨੀ ਵੇਲੇ ਇੱਥੇ 'ਉਦਾਸੀਆਂ' ਦੀ ਸੰਗਤ ਜੁੜਦੀ ਸੀ। ਉਹ ਅਕਸਰ 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰਦੇ ਸਨ।

ਇਸ ਉਜਾੜ ਅਸਥਾਨ ਦੇ ਵਿਰਾਨੀ ਵਿੱਚੋਂ ਲੰਘੇ ਚੁੱਕੇ ਸਮੇਂ ਨਾਲ ਸਾਂਝ ਪਾਉਣਾ ਨਿਰਾਲਾ ਤਜਰਬਾ ਹੈ। ਕਦੇ ਇਹ ਅਸਥਾਨ 'ਗੁਰੂ ਨਾਨਕ ਦੇ ਪਿਆਰਿਆਂ' ਲਈ ਸਿੱਖਿਆ ਦਾ ਖ਼ੁਸ਼ਹਾਲ ਮਰਕਜ਼ ਸੀ। ਦੁਨੀਆ ਦੇ ਰੰਗ ਨਿਆਰੇ ਹਨ ਜੋ ਮੇਰੇ ਸਾਹਮਣੇ ਲੰਘੇ ਸਮੇਂ ਦੀ ਬਾਤ ਖੰਡਰਾਂ ਵਿੱਚੋਂ ਪਾ ਰਹੇ ਹਨ।

ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥
(ਰਾਗ ਆਸਾ ਕਾਫੀ, ਗੁਰੂ ਨਾਨਕ)

ਦੁਨੀਆ ਦਾ ਦਸਤੂਰ ਹੈ ਕਿ ਜੇ ਕਦੇ ਲਾਹਾ ਹੁੰਦਾ ਹੈ ਤਾਂ ਕਦੇ ਤੋਟਾ ਵੀ ਪੈਂਦਾ ਹੈ।
ਨਾਨਕ ਨੇ ਫ਼ਰਮਾਇਆ ਕਿ ਕੁਦਰਤ ਦਾ ਹੁਕਮ ਹੀ ਵਡਿਆਈ ਹੈ।
(ਰਾਗ ਆਸਾ ਕਾਫੀ, ਗੁਰੂ ਨਾਨਕ)

ਗਯਾ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਬੋਧ ਗਯਾ ਦੀ ਯਾਤਰਾ ਕੀਤੀ।

---

ਅਸੀਂ ਹੁਣ ਬੋਧ ਗਯਾ ਦੇ ਮਹਾਂਬੋਧੀ ਮੰਦਿਰ ਜਾ ਰਹੇ ਹਾਂ ਜੋ ਗਯਾ ਤੋਂ ਬਾਰਾਂ ਕਿਲੋਮੀਟਰ ਹੈ।

**ਅਮਰਦੀਪ ਸਿੰਘ:** ਇਹ ਮੰਨਿਆ ਜਾਂਦਾ ਹੈ ਕਿ ਗੌਤਮ ਬੁੱਧ ਨੂੰ 'ਬੋਧੀ' (ਪਿੱਪਲ) ਬਿਰਖ ਹੇਠਾਂ ਬੋਧਗਯਾ ਵਿੱਚ ਰੌਸ਼ਨ-ਖ਼ਿਆਲੀ ਹੋਈ ਸੀ। ਇਸੇ ਕਾਰਨ ਬੋਧੀਆਂ ਲਈ ਇਹ ਅਸਥਾਨ ਮੁਕੱਦਸ ਹੈ।

ਰਾਜਕੁਮਾਰ ਸਿਧਾਰਥ ਦਾ ਨਾਮ ਗੌਤਮ ਬੁੱਧ ਵਜੋਂ ਦੁਨੀਆ ਵਿੱਚ ਫੈਲਿਆ। ਉਨ੍ਹਾਂ ਨੇ ਛੇ ਸਾਲਾਂ ਤੱਕ ਆਤਮ-ਕਸ਼ਟ ਦੇਣ ਵਾਲੀ ਤਪੱਸਿਆ ਕੀਤੀ। 'ਬੋਧੀ' (ਪਿੱਪਲ) ਬਿਰਖ ਹੇਠਾਂ ਸੋਚ-ਵਿਚਾਰ ਵਿੱਚ ਡੁੱਬੇ ਹੋਏ ਬੁੱਧ ਨੂੰ ਜਦੋਂ ਤਪ ਦੇ ਅਕਾਰਥ ਹੋਣ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ ਆਤਮ-ਕਸ਼ਟ ਦੇਣ ਵਾਲੇ ਅਮਲਾਂ ਤੋਂ ਕਿਨਾਰਾ ਕਰ ਲਿਆ। ਇਸੇ ਦਿਨ ਨੂੰ ਰੌਸ਼ਨ-ਖ਼ਿਆਲੀ ਦਾ ਦਿਹਾੜਾ ਕਿਹਾ ਜਾਂਦਾ ਹੈ।

ਗੌਤਮ ਬੁੱਧ ਦਾ ਜਨਮ ਗੁਰੂ ਨਾਨਕ ਤੋਂ ਤਕਰੀਬਨ ੨੦੦੦ ਸਾਲ ਪਹਿਲਾਂ ਹੋਇਆ ਪਰ ਸਮਾਜਿਕ ਬਣਤਰਾਂ ਬਾਰੇ ਉਨ੍ਹਾਂ ਦੇ ਖ਼ਿਆਲ ਆਪਸ ਵਿੱਚ ਮੇਲ਼ ਖਾਂਦੇ ਹਨ। ਦੋਵਾਂ ਨੇ ਆਪਣੇ-ਆਪਣੇ ਦੌਰ ਵਿੱਚ ਜਾਤ-ਪਾਤ ਅਤੇ ਮਜ਼ਹਬੀ ਦਰਜਾਬੰਦੀਆਂ ਖ਼ਿਲਾਫ਼ ਇਨਕਲਾਬ ਦਾ ਪਰਚਮ ਬੁਲੰਦ ਕੀਤਾ। ਦੋਵਾਂ ਨੇ ਬਰਾਬਰੀ, ਮਨੁੱਖਤਾ ਅਤੇ ਇਨਸਾਨੀਅਤ ਦੀ ਸੇਵਾ ਦੀ ਵਕਾਲਤ ਕੀਤੀ।

ਜਦੋਂ ਮਹਾਂਬੋਧੀ ਮੰਦਿਰ ਦੇ ਮਹੰਤ ਦੇਵ ਗਿਰ ਨੇ ਗਯਾ ਵਿੱਚ ਗੁਰੂ ਨਾਨਕ ਦੇ ਵਿਚਾਰਾਂ ਨੂੰ ਸੁਣਿਆ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਬੋਧ ਗਯਾ ਵਿੱਚ ਰਹਿਣ ਦਾ ਸੱਦਾ ਦਿੱਤਾ।

ਬੁੱਧ ਅਤੇ ਗੁਰੂ ਨਾਨਕ, ਦੋਵਾਂ ਨੇ ਖ਼ੁਦਾਈ ਦੇ ਮੂਰਤ ਰੂਪ ਨੂੰ ਰੱਦ ਕੀਤਾ ਅਤੇ ਆਵਾਮ ਨੂੰ ਸਦਗੁਣੀ ਜ਼ਿੰਦਗੀ ਗੁਜ਼ਾਰਨ ਦੀ ਸਲਾਹ ਦਿੱਤੀ। ਬੁੱਧ ਸ਼ੰਕਾਵਾਦੀ ਸਨ, ਉਹ ਖ਼ੁਦਾ ਦੀ ਹੋਂਦ ਨੂੰ ਨਾ ਮੰਨਦੇ ਸਨ ਅਤੇ ਨਾ ਹੀ ਰੱਦ ਕਰਦੇ ਸਨ। ਦੂਜੇ ਪਾਸੇ ਗੁਰੂ ਨਾਨਕ ਕਿਸੇ ਇਲਾਹੀ ਤਾਕਤ ਦੀ ਹੋਂਦ ਨੂੰ ਕਬੂਲ ਕਰਦੇ ਸਨ। ਉਸ ਦੀ ਥਾਹ ਭਾਵੇਂ ਨਾ ਪਾਈ ਜਾ ਸਕੇ ਪਰ ਉਹ ਹਰ ਥਾਂ ਹਾਜ਼ਿਰ ਹੈ।

ਮੇਰੀ ਸਖੀ ਸਹੇਲੀ ਸੁਨਹੁ ਭਾਇ॥
ਮੇਰਾ ਪਿਰੁ ਰੀਸਾਲੂ ਸੰਗਿ ਸਾਇ॥
ਓਹੁ ਅਲਖੁ ਨ ਲਖੀਐ ਕਹਹੁ ਕਾਇ॥
(ਰਾਗ ਬਸੰਤ, ਗੁਰੂ ਨਾਨਕ)

ਮੇਰੀ ਸਖੀਓ ਅਤੇ ਸੰਗੀਓ, ਇਹ ਗੱਲ ਪਿਆਰ ਭਰੇ ਦਿਲ ਨਾਲ ਸੁਣੋ।
ਮੇਰਾ ਸ਼ਰੀਕਿ-ਹਿਯਾਤ ਅੰਮ੍ਰਿਤ ਦਾ ਖ਼ਜ਼ਾਨਾ ਹੈ, ਉਸ ਦਾ ਮੇਰੇ ਅੰਦਰ ਵਾਸਾ ਹੈ।
ਜਦੋਂ ਉਸ ਨੂੰ ਦੇਖਿਆ ਨਹੀਂ ਜਾ ਸਕਦਾ ਤਾਂ ਮੈਂ ਉਸ ਦਾ ਬਿਆਨ ਕਿਵੇਂ ਕਰਾਂ?
(ਰਾਗ ਬਸੰਤ, ਗੁਰੂ ਨਾਨਕ)

ਗੋਤਮ ਬੁੱਧ ਨੇ ਜ਼ੋਰ ਦਿੱਤਾ ਕਿ ਕਿਸੇ ਨੂੰ ਬੁੱਤ ਨਾਲ ਜੋੜਨਾ ਬੇਅਰਥ ਹੈ। ਇਸ ਦੇ ਬਾਵਜੂਦ ਮੌਜੂਦਾ ਦੌਰ ਵਿੱਚ ਉਨ੍ਹਾਂ ਦੇ ਮੂਰਤ ਰੂਪ ਨੂੰ ਹੀ ਪੂਜਿਆ ਜਾਂਦਾ ਹੈ।

ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥
(ਰਾਗ ਬਿਹਾਗੜਾ, ਗੁਰੂ ਨਾਨਕ)

ਗਵਾਰ ਅਤੇ ਅਗਿਆਨੀ ਲੋਕ ਪੱਥਰ ਪੂਜਦੇ ਹਨ।
ਜਿਹੜਾ ਪੱਥਰ ਆਪ ਡੁੱਬ ਜਾਂਦਾ ਹੈ ਉਹ ਤਾਰਨਹਾਰ ਕਿਵੇਂ ਹੋ ਸਕਦਾ ਹੈ?
(ਰਾਗ ਬਿਹਾਗੜਾ, ਗੁਰੂ ਨਾਨਕ)

ਬੁੱਤਪ੍ਰਸਤੀ ਰਾਹੀਂ ਮਨੁੱਖੀ ਮਨ ਨੂੰ ਆਪਣੇ ਰਹਿਬਰ ਦੀ ਮੂਰਤ ਦੀ ਪੂਜਾ ਕਰਨ ਦੀ ਵਕਤੀ ਤਸੱਲੀ ਮਿਲਦੀ ਹੈ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਸਦਗੁਣੀ ਜੀਵਨ ਬਸਰ ਕਰਨਾ ਵੀ ਪੂਜਾ ਦਾ ਹੀ ਰੂਪ ਹੈ ਜੋ ਸਦੀਵੀ ਤਸੱਲੀ ਦਿੰਦਾ ਹੈ।

ਬੋਧ ਗਯਾ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਤਿਹਾਸਕ ਸ਼ਹਿਰ ਹਾਜੀਪੁਰ ਨੂੰ ਚਾਲੇ ਪਾ ਦਿੱਤੇ।

ਅਸੀਂ ਹੁਣ ਬੋਧ ਗਯਾ ਤੋਂ ਹਾਜੀਪੁਰ ਜਾ ਰਹੇ ਹਾਂ।

ਹਾਜੀਪੁਰ ਪੁਰਾਤਨ ਸਮਿਆਂ ਤੋਂ ਆਬਾਦ ਹੈ। ਬਿਹਾਰ ਸੂਬੇ ਵਿੱਚ ਇਸ ਸ਼ਹਿਰ ਦੀ ਪੱਛਮੀ ਬਾਹੀ ਵਿੱਚ ਗੰਡਕੀ ਅਤੇ ਦੱਖਣੀ ਬਾਹੀ ਵਿੱਚ ਗੰਗਾ ਵਗਦੀ ਹੈ।

ਕਈ ਦਿਨਾਂ ਦੇ ਸਫ਼ਰ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਹਾਜੀਪੁਰ ਪਹੁੰਚੇ ਤਾਂ ਉਨ੍ਹਾਂ ਦੇ ਖੀਸੇ ਤਕਰੀਬਨ ਖ਼ਾਲੀ ਸਨ। ਗੁਰੂ ਨਾਨਕ ਕੋਲ ਇੱਕ ਨਗ ਸੀ ਜੋ ਵੇਚਣ ਲਈ ਉਨ੍ਹਾਂ ਨੇ ਭਾਈ ਮਰਦਾਨਾ ਨੂੰ ਦਿੱਤਾ ਤਾਂ ਜੋ ਜ਼ਰੂਰੀ ਵਸਤਾਂ ਖ਼ਰੀਦੀਆਂ ਜਾ ਸਕਣ। ਭਾਈ ਮਰਦਾਨਾ ਮੁਕਾਮੀ ਸਰਾਫ਼ਾ ਬਾਜ਼ਾਰ ਵਿੱਚ ਪਹੁੰਚੇ ਪਰ ਉਨ੍ਹਾਂ ਦੇ ਸਾਦੇ ਪਹਿਰਾਵੇ ਦਾ ਧਿਆਨ ਕਰਦੇ ਹੋਏ ਕਿਸੇ ਸਰਾਫ਼ ਨੇ ਉਨ੍ਹਾਂ ਦੇ ਨਗ ਦਾ ਮੁੱਲ ਨਾ ਪਾਇਆ। ਜਦੋਂ ਉਹ ਇੱਕ ਸਰਾਫ਼ ਦੀ ਦੁਕਾਨ ਉੱਤੇ ਪੁੱਜੇ ਤਾਂ ਅਧਰਕ ਨਾਮ ਦੇ ਕਾਰਿੰਦੇ ਨੇ ਉਨ੍ਹਾਂ ਨੂੰ ਬਹੁਤ ਸਤਿਕਾਰ ਨਾਲ ਬੁਲਾਇਆ ਅਤੇ ਉਨ੍ਹਾਂ ਦਾ ਨਗ ਦੁਕਾਨ ਦੇ ਮਾਲਕ ਸਾਲਿਸ ਰਾਏ ਕੋਲ ਲੈ ਗਿਆ। ਸਾਲਿਸ ਰਾਏ ਨੇ ਨਗ ਦਾ ਮੁੱਲ ਪਛਾਣ ਲਿਆ ਅਤੇ ਉਸ ਦੇ ਮਾਲਕ ਨਾਲ ਸੌਦਾ ਕਰਨ ਲਈ ਤਿਆਰ ਹੋ ਗਿਆ। ਉਸ ਨੇ ਤੁਰੰਤ ਅਧਰਕ ਨੂੰ ਹੁਕਮ ਦਿੱਤਾ ਕਿ ਉਹ ਭਾਈ ਮਰਦਾਨਾ ਨੂੰ ਨਗ ਵਾਪਸ ਕਰ ਦੇਵੇ ਅਤੇ ਨਾਲ ਚੋਖੇ ਪੈਸੇ ਦਿੱਤੇ। ਭਾਈ ਮਰਦਾਨਾ ਪੈਸੇ ਅਤੇ ਨਗ ਸਮੇਤ ਵਾਪਸ ਪਰਤੇ। ਗੁਰੂ ਨਾਨਕ ਨੇ ਪੈਸਾ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਦਲੀਲ ਸੀ ਕਿ ਜਦੋਂ ਸੌਦਾ ਹੋਇਆ ਹੀ ਨਹੀਂ ਤਾਂ ਇਹ ਪੈਸੇ ਭੀਖ ਸਮਾਨ ਹਨ। ਉਨ੍ਹਾਂ ਨੇ ਭਾਈ ਮਰਦਾਨਾ ਨੂੰ ਪੈਸੇ ਵਾਪਸ ਕਰ ਆਉਣ ਲਈ ਕਿਹਾ। ਸਾਲਿਸ ਰਾਏ ਉਨ੍ਹਾਂ ਦੀ ਇਸ ਇਮਾਨਦਾਰੀ ਤੋਂ ਪ੍ਰਸੰਨ ਹੋਇਆ ਅਤੇ ਭਾਈ ਮਰਦਾਨਾ ਦੇ ਨਾਲ ਗੁਰੂ ਨਾਨਕ ਨੂੰ ਮਿਲਣ ਤੁਰ ਪਿਆ।

ਸਾਲਿਸ ਰਾਏ ਨੇ ਗੁਰੂ ਨਾਨਕ ਨੂੰ ਬੇਨਤੀ ਗੁਜ਼ਾਰੀ ਕਿ ਉਸ ਨੂੰ ਭਟਕਣਾਂ ਭਰੀ ਦੁਨੀਆ ਵਿੱਚ ਕਦਰਾਂ-ਕੀਮਤਾਂ ਕਾਇਮ ਰੱਖਣ ਦਾ ਮੰਤਰ ਦੱਸਿਆ ਜਾਵੇ।

ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥
(ਰਾਗ ਮਾਰੂ, ਗੁਰੂ ਨਾਨਕ)

ਕਮਲ ਦਾ ਫੁੱਲ ਚਿੱਕੜ ਵਿੱਚ ਖਿੜਦਾ ਹੈ ਅਤੇ ਇਸ ਸੰਗਤ ਨੂੰ ਮਾਣਦਾ ਹੋਇਆ ਵੀ ਇਸ ਦੀਆਂ ਊਣਤਾਈਆਂ ਤੋਂ ਬੇਲਾਗ ਰਹਿੰਦਾ ਹੈ।
(ਰਾਗ ਮਾਰੂ, ਗੁਰੂ ਨਾਨਕ)

ਕਮਲ ਦੇ ਫੁੱਲ ਨੂੰ ਰੂਹਾਨੀਅਤ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਇਸ ਵਿੱਚ ਪਾਲਣਹਾਰ, ਮੁੜ-ਸੁਰਜੀਤੀ, ਲਚਕਤਾ ਅਤੇ ਪਾਕੀਜ਼ਗੀ ਵਾਲੇ ਗੁਣ ਹਨ। ਗੁਰੂ ਨਾਨਕ ਨੇ ਕਿਹਾ ਕਿ ਮਨੁੱਖ ਨੂੰ ਕਮਲ ਦੇ ਫੁੱਲ ਵਰਗੀ ਜ਼ਿੰਦਗੀ ਜਿਊਣ ਦੀ ਤਾਂਘ ਹੋਣੀ ਚਾਹੀਦੀ ਹੈ। ਗੰਦ ਵਿੱਚ ਰਹਿੰਦੇ ਹੋਏ ਵੀ ਇਸ ਦੇ ਚਿੱਕੜ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਬੁਰੇ ਹਾਲਾਤ ਵਿੱਚ ਵੀ ਦਿਆਨਤ ਅਤੇ ਉਸਾਰੂ ਸੋਚ ਕਾਇਮ ਰੱਖਣੀ ਚਾਹੀਦੀ ਹੈ।

ਗੁਰੂ ਨਾਨਕ ਨੇ ਸਾਲਿਸ ਰਾਏ ਨੂੰ ਸਲਾਹ ਦਿੱਤੀ ਕਿ ਦੌਲਤਮੰਦੀ ਮਨੁੱਖ ਦੇ ਰੂਹਾਨੀ ਸਫ਼ਰ ਦਾ ਅੜਿੱਕਾ ਨਹੀਂ ਬਣਨੀ ਚਾਹੀਦੀ। ਉਨ੍ਹਾਂ ਨੇ ਕਿਹਾ ਅਧਰਕ ਨਿਮਾਣਾ ਜਿਹਾ ਮੁਲਾਜ਼ਮ ਹੋਣ ਦੇ ਬਾਵਜੂਦ ਜ਼ਿਆਦਾ ਰੌਸ਼ਨ-ਖ਼ਿਆਲ ਹੋ ਸਕਦਾ ਹੈ। ਚੰਗਿਆਈ ਦਾ ਪਾਸਕੂ ਸਮਾਜਿਕ, ਮਜ਼ਹਬੀ ਜਾਂ ਆਰਥਿਕ ਰੁਤਬਾ ਨਹੀਂ ਸਗੋਂ ਹਲੀਮੀ ਹੈ।

ਅਸੀਂ ਕੁਝ ਸਰਾਫ਼ਾਂ ਨੂੰ ਮਿਲੇ ਤਾਂ ਜੋ ਉਨ੍ਹਾਂ ਦੀ ਬਰਾਦਰੀ ਵਿੱਚ ਗੁਰੂ ਨਾਨਕ ਦੇ ਸਮਕਾਲੀ ਸਾਲਿਸ ਰਾਏ ਦੇ ਕਿਸੇ ਬਿਰਤਾਂਤ ਬਾਰੇ ਕੁਝ ਪਤਾ ਲੱਗ ਸਕੇ।

**ਅਮਰਦੀਪ ਸਿੰਘ:** ਨਮਸਕਾਰ ਜੀ, ਆਪ ਜੀ ਨਾਲ ਕੁਝ ਗੱਲ ਕਰਨੀ ਸੀ। ਤੁਸੀਂ ਸਾਲਿਸ ਰਾਏ ਜੀ ਬਾਰੇ ਕੁਝ ਜਾਣਦੇ ਹੋ?

**ਰਾਜੂ ਸੋਨੀ:** ਸਾਲਿਸ ਰਾਏ ਜੀ, ਉਨ੍ਹਾਂ ਦੀ ਗੁਰੂ ਨਾਨਕ ਦੇਵ ਨਾਲ ਮੁਲਾਕਾਤ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਦੇ ਸਾਕ-ਸੰਬੰਧੀ ਬਾਹਰ ਚਲੇ ਗਏ। ਇਹ ਤਾਂ ਬਹੁਤ ਪਹਿਲਾਂ ਦੀ ਗੱਲ ਹੈ।

**ਅਮਰਦੀਪ ਸਿੰਘ:** ਉਨ੍ਹਾਂ ਦਾ ਘਰ ਵਗ਼ੈਰਾ ਹੈ ਕੋਈ?

**ਰਾਜੂ ਸੋਨੀ:** ਨਹੀਂ, ਕਿਤੇ ਨਹੀਂ। ਘਰ-ਬਾਰ ਸਭ ਵੇਚ ਕੇ ਚਲੇ ਗਏ।

**ਅਮਰਦੀਪ ਸਿੰਘ:** ਚੰਗਾ ਜੀ!

**ਰਾਜੂ ਸੋਨੀ:** ਗੁਰਦਵਾਰੇ ਨੂੰ ਜ਼ਮੀਨ ਦਾਨ ਕਰ ਕੇ ਚਲੇ ਗਏ।

**ਅਮਰਦੀਪ ਸਿੰਘ:** ਚੰਗਾ ਜੀ! ਨਮਸਕਾਰ।

ਅਸੀਂ ਹੁਣ ਗੁਰਦਵਾਰਾ ਗਾਏ ਘਾਟ ਜਾ ਰਹੇ ਹਾਂ ਜੋ ਗੰਗਾ ਨਦੀ ਦੇ ਲਾਗੇ ਹੈ।

**ਅਮਰਦੀਪ ਸਿੰਘ:** ਗੁਰਦਵਾਰਾ ਗਾਏ ਘਾਟ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਹਾਜੀਪੁਰ ਆਮਦ ਨਾਲ ਜੁੜਿਆ ਹੋਇਆ ਹੈ।

ਹਾਜੀਪੁਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸੋਨਪੁਰ ਦੀ ਯਾਤਰਾ ਕੀਤੀ।

ਅਸੀਂ ਹੁਣ ਸੋਨਪੁਰ ਜਾਣ ਲਈ ਗੰਡਕੀ ਨਦੀ ਪਾਰ ਕਰ ਰਹੇ ਹਾਂ ਜੋ ਇਸ ਦੇ ਉੱਤਰੀ ਕਿਨਾਰੇ ਵੱਸਿਆ ਹੋਇਆ ਹੈ।

**ਅਮਰਦੀਪ ਸਿੰਘ:** ਸਦੀਆਂ ਤੋਂ ਸੋਨਪੁਰ ਵੈਸ਼ਨਵੀ ਤਬਕੇ ਦਾ ਤੀਰਥ ਅਸਥਾਨ ਹੈ ਜੋ ਗਜਗ੍ਰਹਿ ਦੀ ਮਿੱਥ ਨਾਲ ਜੁੜਿਆ ਹੋਇਆ ਹੈ।

ਸੋਨਪੁਰ ਵਿੱਚ 'ਕਾਰਤਿਕ ਪੂਰਨਿਮਾ' ਨੂੰ ਗੰਡਕੀ ਅਤੇ ਗੰਗਾ ਦੇ ਸੰਗਮ ਉੱਤੇ ਸਾਲਾਨਾ ਮੇਲਾ ਭਰਦਾ ਹੈ ਜੋ ਨਵੰਬਰ ਦੇ ਮਹੀਨੇ ਵਿੱਚ ਹੁੰਦਾ ਹੈ।

ਇਹ ਵੈਸ਼ਨਵ ਮਤ ਦਾ ਵੀ ਤੀਰਥ ਅਸਥਾਨ ਹੈ ਅਤੇ ਵਿਸ਼ਨੂੰ ਦੇ ਉਪਾਸਕ ਇਸ ਸੰਗਮ ਦੇ ਇਸ਼ਨਾਨ ਨੂੰ ਪਵਿੱਤਰ ਤਸਲੀਮ ਕਰਦੇ ਹਨ ਅਤੇ ਇਸ਼ਨਾਨ ਤੋਂ ਬਾਅਦ ਹਰੀਹਰਨਾਥ ਮੰਦਿਰ ਵਿੱਚ ਪੂਜਾ ਕਰਦੇ ਹਨ।

ਅਸੀਂ ਹੁਣ ਹਰੀਹਰਨਾਥ ਮੰਦਿਰ ਜਾ ਰਹੇ ਹਾਂ।

'ਗਜੇਂਦਰ ਮੋਕਸ਼' ਦਾ ਅਫ਼ਸਾਨਾ 'ਗਜਗ੍ਰਹਿ' ਦਾ ਮਿਥਹਾਸ ਬਿਆਨ ਕਰਦਾ ਹੈ ਕਿ ਫੁੱਲਾਂ ਵਲ ਖਿੱਚਿਆ ਇੱਕ ਹਾਥੀ ਕਮਲ ਦੇ ਫੁੱਲਾਂ ਨਾਲ ਭਰੇ ਹੋਏ ਤਲਾਅ ਵਿੱਚ ਵੜ ਗਿਆ। ਉੱਥੇ ਇੱਕ ਮਗਰਮੱਛ ਨੇ ਉਸ ਦੀ ਲੱਤ ਫੜ ਲਈ। ਚੋਖੇ ਸੰਘਰਸ਼ ਤੋਂ ਬਾਅਦ ਵੀ ਜਦੋਂ ਉਸ ਦੀ ਲੱਤ ਨਾ ਛੁੱਟੀ ਤਾਂ ਉਸ ਨੇ ਆਪਣੀ ਸੁੰਡ ਵਿੱਚ ਕਮਲ ਦਾ ਫੁੱਲ ਫੜ ਕੇ ਵਿਸ਼ਨੂੰ ਭਗਵਾਨ ਨੂੰ ਬੇਨਤੀ ਗੁਜ਼ਾਰੀ। ਭਗਵਾਨ ਵਿਸ਼ਨੂੰ ਨੇ ਸੱਚੀ ਸੱਦ ਸੁਣੀ ਅਤੇ ਹਾਥੀ ਨੂੰ ਮਗਰਮੱਛ ਦੇ ਜਬਾੜ੍ਹੇ ਵਿੱਚੋਂ ਛੁਡਵਾ ਦਿੱਤਾ।

ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ॥
(ਰਾਗ ਗੂਜਰੀ, ਗੁਰੂ ਨਾਨਕ)

ਇਹ ਦੁਨੀਆ ਮੋਹ ਦੇ ਵਕਤੀ ਬੰਧਨ ਵਿੱਚ ਫਸ ਕੇ ਲਗਾਅ ਅਤੇ ਬੇਲਾਗਤਾ ਦੀ ਬਿਪਤਾ ਸਹੇੜਦੀ ਹੈ। ਸੱਚੇ ਵਿਵੇਕ ਦੀ ਸ਼ਰਣ ਵਿੱਚ ਸੋਚ-ਵਿਚਾਰ ਮੁਕਤੀ ਦੇ ਰਾਹ ਪਾਉਂਦੀ ਹੈ। ਮੁੜ-ਮੁੜ ਆਪਣੇ ਅੰਦਰ ਝਾਤ ਮਾਰੋ।
(ਰਾਗ ਗੂਜਰੀ, ਗੁਰੂ ਨਾਨਕ)

ਇਸ ਅਫ਼ਸਾਨੇ ਵਿੱਚ ਹਾਥੀ ਅਗਿਆਨਤਾ ਅਤੇ ਮਗਰਮੱਛ ਪਦਾਰਥਵਾਦੀ ਘੁੰਮਣਘੇਰੀਆਂ ਦਾ ਰੂਪ ਹਨ। ਇਸੇ ਤਰ੍ਹਾਂ ਚਿੱਕੜ ਦਾ ਤਲਾਬ ਦੁਨੀਆ ਅਤੇ ਕਮਲ ਦਾ ਫੁੱਲ ਚੇਤਨਾ ਦੇ ਰੂਪ ਹਨ। ਮਗਰਮੱਛ ਦੀ ਪਕੜ ਵਿੱਚੋਂ ਹਾਥੀ ਦਾ ਛੁੱਟਣਾ ਵਿਵੇਕਵਾਨ ਹੋਣ ਦੀ ਨਿਸ਼ਾਨੀ ਹੈ।

ਨਦੀ ਦੇ ਕੰਢੇ ਉੱਤੇ ਇੱਕ ਜ਼ਿਆਰਤੀ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਜਦੋਂ ਮਨ ਵਿੱਚ ਪਦਾਰਥ ਦੀ ਤਾਂਘ ਭਾਰੂ ਹੋਵੇ ਤਾਂ ਰੂਹਾਨੀਅਤ ਦੇ ਰਾਹ ਕਿਵੇਂ ਪਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਇਸ ਸ਼ਬਦ ਦਾ ਗਾਇਨ ਕੀਤਾ,

ਤਨੁ ਬਿਨਸੈ ਧਨੁ ਕਾ ਕੋ ਕਹੀਐ॥
ਬਿਨੁ ਗੁਰ ਰਾਮ ਨਾਮੁ ਕਤ ਲਹੀਐ॥
ਰਾਮ ਨਾਮ ਧਨੁ ਸੰਗਿ ਸਖਾਈ॥
ਅਹਿਨਿਸਿ ਨਿਰਮਲੁ ਹਰਿ ਲਿਵ ਲਾਈ॥੧॥
ਰਾਮ ਨਾਮ ਬਿਨੁ ਕਵਨੁ ਹਮਾਰਾ॥
ਸੁਖ ਦੁਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ॥
(ਰਾਗ ਆਸਾ, ਗੁਰੂ ਨਾਨਕ)

ਜਦੋਂ ਸਰੀਰ ਸਾਥ ਛੱਡ ਦਿੰਦਾ ਹੈ ਤਾਂ ਧਨ-ਦੌਲਤ ਦੀ ਮਾਲਕੀ ਕਿੱਥੇ ਜਾਂਦੀ ਹੈ?
ਵਿਵੇਕ ਤੋਂ ਬਿਨਾਂ ਕੋਈ ਖ਼ੁਦਾਈ ਕਿਵੇਂ ਪਾ ਸਕਦਾ ਹੈ?
ਮਨੁੱਖ ਦੇ ਨਾਲ ਤਾਂ ਸਿਰਫ਼ ਸੋਚ-ਵਿਚਾਰ ਅਤੇ ਚੇਤਨਾ ਹੀ ਖੜ੍ਹਦੀ ਹੈ।
ਮਨੁੱਖ ਨੂੰ ਦਿਨ-ਰਾਤ ਵਿਵੇਕੀ ਜੁਸਤਜੂ ਦਾ ਧਿਆਨ ਧਰਨਾ ਚਾਹੀਦਾ ਹੈ।
ਇਲਾਹੀ ਗਿਆਨ ਤੋਂ ਬਿਨਾਂ ਸਾਡਾ ਕੀ ਹੈ?
ਲਾਲਸਾ ਅਤੇ ਪੀੜ ਇੱਕ ਸਮਾਨ ਹੈ। ਉਸ ਮੁਕੱਦਸ ਨੂੰ ਨਾ ਭੁੱਲੋ ਜੋ ਬਖ਼ਸ਼ਣਹਾਰ ਹੈ ਅਤੇ ਮਿਲਾਵਣਹਾਰ ਹੈ।
(ਰਾਗ ਆਸਾ, ਗੁਰੂ ਨਾਨਕ)

ਜਦੋਂ ਮਨੁੱਖਾ ਸਰੀਰ ਪੰਜ ਤੱਤਾਂ ਵਿੱਚ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਜੋੜੀ ਦੌਲਤ ਕਿਸੇ ਕੰਮ ਨਹੀਂ ਆਉਂਦੀ। ਗੁਰੂ ਨਾਨਕ ਨੇ ਕਿਹਾ ਕਿ ਜੋੜਨ ਵਾਲੀ ਪੂੰਜੀ ਗਿਆਨ ਹੈ ਜੋ ਹਨੇਰੇ ਨੂੰ ਰੌਸ਼ਨੀ ਵਿੱਚ ਤਬਦੀਲ ਕਰਦੀ ਹੈ।

ਹੁਣ ਅਸੀਂ ਸੋਨਪੁਰ ਵਿੱਚ ਉਦਾਸੀਆਂ ਦੇ ਮਰਕਜ਼ ਲੋਕਸੇਵਾ ਆਸ਼ਰਮ ਜਾ ਰਹੇ ਹਾਂ।

ਸਾਨੂੰ ਇੱਕ ਬਜ਼ੁਰਗ ਨੇ ਦੱਸਿਆ ਕਿ ਪਹਿਲਾਂ ਲੋਕਸੇਵਾ ਆਸ਼ਰਮ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉਨ੍ਹਾਂ ਨੇ ਦੱਸਿਆ ਕਿ ਉਦਾਸੀਆਂ ਦੀ ਮੌਜੂਦਾ ਪੀੜ੍ਹੀ ਦਾ ਗੁਰੂ ਨਾਨਕ ਦੇ ਫ਼ਲਸਫ਼ੇ ਨਾਲ ਲਗਾਅ ਨਹੀਂ ਹੈ ਪਰ ਉਹ ਬਜ਼ੁਰਗ ਉਦਾਸੀ ਉਸ ਦਸਤੂਰ ਵਿੱਚ ਵੱਡੇ ਹੋਏ ਸਨ ਜਿੱਥੇ ਗੁਰੂ ਨਾਨਕ ਦਾ ਫ਼ਲਸਫ਼ਾ ਉਦਾਸੀ ਸੰਪ੍ਰਦਾਇ ਦਾ ਧੁਰਾ ਸੀ।

**ਮਹੰਤ ਵਿਸ਼ਨੂ ਦਾਸ ਉਦਾਸੀਨ:** ਸਾਡਾ ਸੰਪ੍ਰਦਾਇ ਗੁਰੂ ਨਾਨਕ ਦੇਵ ਦੇ ਪੁੱਤਰ ਸ੍ਰੀ ਚੰਦ ਜੀ ਤੋਂ ਚੱਲਿਆ। ਉਦਾਸੀ ਸੰਪ੍ਰਦਾਇ ਕੀ ਹੈ? ਸੰਸਾਰ ਦੇ ਬੰਧਿਨਾਂ ਤੋਂ ਉਦਾਸ ਹੋ ਕੇ ਪਰਮ ਪਿਤਾ ਪਰਮਾਤਮਾ ਦੇ ਲੜ ਲੱਗ ਜਾਣਾ। ਸਾਡੇ ਤਿੰਨ ਅਖਾੜੇ ਹਨ। ਤਿੰਨੇ ਅਖਾੜਿਆਂ ਦਾ ਧਰਮ ਕੀ ਹੈ? ਪੂਰੇ ਹਿੰਦੁਸਤਾਨ ਅਤੇ ਸੰਸਾਰ ਵਿੱਚ ਘੁੰਮ-ਘੁੰਮ ਕੇ ਪ੍ਰਚਾਰ ਕਰਨਾ। ਗੁਰੂ ਨਾਨਕ ਦੇਵ ਜੀ ਨੇ ਗੁਰ ਮੰਤਰ ਦਿੱਤਾ। ਸਾਨੂੰ ਪਰਮ ਪਿਤਾ ਪਰਮਾਤਮਾ ਦਾ ਨਾਮ ਦੱਸਿਆ। ਉਨ੍ਹਾਂ ਦਾ ਨਾਮ, ੧ੳ। ਪਰਮਾਤਮਾ ਇੱਕ ਹੈ। ਸਤਿਨਾਮ। ਪ੍ਰਮਾਤਮਾ ਸੱਚ ਹੈ। ਸਾਰਾ ਸੰਸਾਰ ਝੂਠ ਹੈ। ਪ੍ਰਮਾਤਮਾ ਸਿਰਫ਼ ਇੱਕੋ ਸੱਚ ਹੈ। ਉਨ੍ਹਾਂ ਨੇ ਸਿਖਾਇਆ ਹੈ ਕਿ ਹੇ ਮਨੁੱਖ, ਸੰਸਾਰ ਵਿੱਚ ਜੇ ਸੁੱਖ ਚਾਹੁੰਦੇ ਹੋ ਤਾਂ ਪ੍ਰਮਾਤਮਾ ਦਾ ਸਿਮਰਨ ਕਰੋ। ਸਿਮਰਨ ਨਾਲ ਹੀ ਤੈਨੂੰ ਸਭ ਕੁਝ ਮਿਲੇਗਾ। ਸਾਡਾ ਗੁਰੂ ਗ੍ਰੰਥ ਸਾਹਿਬ ਤਾਂ ਭਗਤਾਂ ਦੀ ਬਾਣੀ ਹੈ। ਭਾਸ਼ਾ ਨਹੀ ਹੈ। ਭਗਤ ਨੇ ਅਪਣੀ ਬਾਣੀ ਰੱਖੀ ਹੈ। ਉਸੇ ਨੂੰ ਛਾਪਿਆ ਗਿਆ ਹੈ। ਉੱਥੇ ਕੋਈ ਜਾਤ-ਪਾਤ ਨਹੀਂ ਹੈ। ਕਿਸੇ ਤਰ੍ਹਾਂ ਦਾ ਕੋਈ ਭੇਦ-ਭਾਵ ਨਹੀਂ ਹੈ।

ਦੁਨੀਆ ਵਿੱਚ ਪਈਆਂ ਵੰਡੀਆਂ ਅਤੇ ਆਪਣੇ ਇੱਕ ਪਾਸੜ ਝੁਕਾਅ ਵਿਚ ਰੁਝੇ ਹੋਏ ਲੋਕ ਏਕੇ ਦੇ ਜਸ਼ਨ ਮਨਾਉਣ ਦੀ ਥਾਂ ਬੇਇਤਫ਼ਾਕੀ ਦੀ ਮਹਿਮਾ ਗਾ ਰਹੇ ਹਨ। ਗੁਰੂ ਨਾਨਕ ਨੇ ਕਿਹਾ ਕਿ ਦੁਨੀਆਵੀ ਖੇਡ ਦੀ ਮਹਿਮਾ ਇਹ ਪਛਾਣ ਕਰਨ ਵਿੱਚ ਹੈ ਕਿ ਅਸੀਂ ਸਭ ਇੱਕ-ਦੂਜੇ ਨਾਲ ਜੁੜੇ ਹੋਏ ਹਾਂ।

ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥
(ਰਾਗ ਮਾਰੂ, ਗੁਰੂ ਨਾਨਕ)

ਬੇਚੈਨ ਮਨ ਤੋਂ ਬੁਰਾ ਕੋਈ ਵਿਛੋੜਾ ਨਹੀਂ ਹੈ ਅਤੇ ਆਪਣੇ ਅੰਤਰਮਨ ਨਾਲ ਇੱਕ-ਸੁਰ ਹੋਣ ਤੋਂ ਵੱਡਾ ਕੋਈ ਮੇਲ਼ ਨਹੀਂ।
ਦੁਨਿਆਵੀ ਖੇਡ ਦੇ ਜਾਣੂੰ ਹੀ ਵਡਿਆਈ ਦੇ ਪਾਤਰ ਹਨ।
(ਰਾਗ ਮਾਰੂ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੯: ਸੰਪਜਨਾ (ਖ਼ਾਲਸ ਬੋਧ)

ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਬਨਾਰਸ ਤੋਂ ਸੋਨਪੁਰ ਤੱਕ ਗੁਰੂ ਨਾਨਕ ਦੀਆਂ ਪੈੜਾਂ ਦੀ ਦਿਲਚਸਪ ਨਿਸ਼ਾਨਦੇਹੀ ਕਰਦੇ ਹਨ। ਇਤਿਹਾਸਕ ਤੌਰ 'ਤੇ, ਇਹ ਵੱਖ-ਵੱਖ ਪਿਠਭੂਮੀਆਂ ਵਾਲੇ ਲੋਕਾਂ ਨਾਲ ਹੋਈ ਉਨ੍ਹਾਂ ਦੀ ਵਾਰਤਾਲਾਪ, ਯਾਤਰਾਵਾਂ ਨਾਲ ਸੰਬੰਧਿਤ ਮਹੱਤਵਪੂਰਨ ਥਾਵਾਂ, ਅਤੇ ਉਨ੍ਹਾਂ ਦੀ ਰੂਹਾਨੀ ਵਿਰਾਸਤ ਨੂੰ ਸੰਭਾਲਣ ਅਤੇ ਫੈਲਾਉਣ ਵਿਚ ਉਦਾਸੀ ਮਤ ਦੀ ਅਹਿਮ ਭੂਮਿਕਾ 'ਤੇ ਚਾਨਣਾ ਪਾਉਂਦੇ ਹਨ। ਦਾਰਸ਼ਨਿਕ ਤੌਰ 'ਤੇ, ਇਹ ਨੁਕਤੇ ਦੈਵੀ ਵਿਧਾਨ, ਕਰਮਕਾਂਡ, ਸਦਗੁਣੀ ਜੀਵਨ, ਸੰਪਤੀ ਅਤੇ ਮੁਕਤੀ ਦੀ ਤਾਂਘ ਵਰਗੇ ਵਿਸ਼ਿਆਂ ਨੂੰ ਸੰਬੋਧਨ ਕਰਦੇ ਹਨ। ਸਮੂਹਿਕ ਤੌਰ 'ਤੇ, ਇਹ ਦਰਸਾਉਂਦੇ ਹਨ ਕਿ ਗੁਰੂ ਨਾਨਕ ਨੇ ਕਿਸ ਤਰ੍ਹਾਂ ਪੂਰਬੀ ਭਾਰਤ ਦੇ ਅਮੀਰ ਸਭਿਆਚਾਰਕ ਅਤੇ ਧਾਰਮਿਕ ਸੰਦਰਭ ਨਾਲ ਆਪਣਾ ਰਾਫ਼ਤਾ ਕਾਇਮ ਕੀਤਾ, ਕਿਸ ਵਿਧੀ ਰਾਹੀਂ ਸਥਾਪਿਤ ਮਾਨਤਾਵਾਂ ਨੂੰ ਚੁਣੌਤੀਆਂ ਦਿਤੀਆਂ ਅਤੇ ਰੂਹਾਨੀ ਵਿਕਾਸ ਲਈ ਰੂਪਕਾਂ ਦੇ ਰਾਹੀਂ ਵਿਵਹਾਰਿਕ ਸੇਧ ਦਿਤੀ। ਉਨ੍ਹਾਂ ਦੁਆਰਾ ਵੱਖ-ਵੱਖ ਸਮਾਜਿਕ ਵਰਗਾਂ ਦੇ ਲੋਕਾਂ, ਜਿਵੇਂ ਕਿ ਸਰਦਾਰ ਹਰੀ ਨਾਥ, ਅਮੀਰ ਜੌਹਰੀ ਸਾਲਿਸ ਰਾਏ, ਅਤੇ ਨਿਮਰ ਸ਼ਰਧਾਲੂਆਂ ਨਾਲ ਕੀਤੀਆਂ ਮੁਲਾਕਾਤਾਂ, ਉਨ੍ਹਾਂ ਦੀ ਸੰਚਾਰ ਯੋਗਤਾ ਨੂੰ ਦਰਸਾਉਂਦੀਆਂ ਹਨ ਜਿਸ ਰਾਹੀਂ ਉਹ ਖ਼ਾਸ ਮੁਦਿਆਂ ਨੂੰ ਮੁਖਾਤਿਬ ਹੁੰਦੇ, ਰੂਹਾਨੀ ਗਿਆਨ ਅਤੇ ਨੈਤਿਕ ਆਚਰਣ ਦੇ ਮੁੱਖ ਸਿਧਾਂਤਾਂ ਦੀ ਪਾਲਣਾ ਕਰਦੇ ਸਨ। ਇਹ ਚਰਚਾ ਨੁਕਤੇ ਪ੍ਰਾਚੀਨ ਭਾਰਤ ਦੇ ਪਰੰਪਰਾਰਿਕ ਕੇਂਦਰੀ ਸਥਾਨਾਂ 'ਚ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਗੂਹਜ ਖੋਜ ਨੂੰ ਸਮਝਣ ਲਈ ਪ੍ਰੇਰਿਤ ਕਰਦੇ ਹਨ।

## ਇਤਿਹਾਸਕ ਚਰਚਾ ਨੁਕਤੇ:

੧. ਬਨਾਰਸ ਛੱਡਣ ਤੋਂ ਬਾਅਦ ਗੁਰੂ ਨਾਨਕ ਕਿਸ ਮਾਰਗ ਦੇ ਪਾਂਧੀ ਬਣੇ ਅਤੇ ਉਨ੍ਹਾਂ ਦੀਆਂ ਰਸਤੇ ਵਿਚ ਕਿਹੜੀਆਂ-ਕਿਹੜੀਆਂ ਮਹੱਤਵਪੂਰਨ ਵਾਰਤਾਲਾਪਾਂ ਹੋਈਆਂ?
   ਇਹ ਭਾਗ  ਗੁਰੂ ਨਾਨਕ ਦੀ ਬਨਾਰਸ ਤੋਂ ਚੰਦੌਲੀ, ਸਾਸਾਰਾਮ, ਗਯਾ, ਬੋਧਗਯਾ, ਹਾਜੀਪੁਰ ਹੁੰਦੇ ਹੋਏ ਸੋਨਪੁਰ ਤੱਕ ਦੀ ਯਾਤਰਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੀ ਇਹ ਯਾਤਰਾ ਪੂਰਬੀ ਉਤਰ

ਪ੍ਰਦੇਸ਼ ਅਤੇ ਬਿਹਾਰ ਦੇ ਮਹੱਤਵਪੂਰਨ ਧਾਰਮਿਕ ਅਤੇ ਸਭਿਆਚਾਰਕ ਕੇਂਦਰਾਂ ਵੱਲ ਸੀ। ਚੰਦੌਲੀ ਵਿਚ, ਗੁਰੂ ਨਾਨਕ ਦੀ ਮੁਲਾਕਾਤ ਸ਼ਹਿਰ ਦੇ ਮੁਖੀਆ ਹਰੀ ਨਾਥ ਨਾਲ ਹੋਈ, ਜੋ ਮਾਨਸਿਕ ਤੌਰ ‘ਤੇ ਅਸ਼ਾਂਤ ਸਨ ਅਤੇ ਮੁਖੀਆ ਦਾ ਪਦ ਤਿਆਗਣ ਬਾਰੇ ਸੋਚ ਰਹੇ ਸਨ। ਗਯਾ ਵਿਚ, ਉਨ੍ਹਾਂ ਦੀ ਮੁਲਾਕਾਤ ਪੁਜਾਰੀਆਂ ਨਾਲ ਹੋਈ, ਜਿਨ੍ਹਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਦੇ ਪੂਰਵਜਾਂ ਨੂੰ ਜਨਮ ਮਰਨ ਦੇ ਗੇੜ ਤੋਂ ਮੁਕਤ ਕਰਨ ਲਈ ਕਰਮਕਾਂਡੀ ਰਸਮਾਂ ਦਾ ਅਭਿਆਸ ਕਰਨ। ਹਾਜੀਪੁਰ ਵਿਚ ਜੋਹਰੀ ਸਾਲਿਸ ਰਾਇ ਨੇ ਗੁਰੂ ਨਾਨਕ ਤੋਂ ਗਿਆਨ ਪ੍ਰਾਪਤੀ ਦੀ ਕਾਮਨਾ ਕੀਤੀ, ਕਿਉਂਕਿ ਉਹ ਉਨ੍ਹਾਂ ਦੇ ਇਮਾਨਦਾਰੀ ਨਾਲ ਭਰੇ ਵਤੀਰੇ ਤੋਂ ਬਹੁਤ ਪ੍ਰਭਾਵਿਤ ਹੋਇਆ ਜਿਸ ਵਿਚ ਉਨ੍ਹਾਂ ਨੇ ਬਿਨ੍ਹਾਂ ਕਿਸੇ ਵਪਾਰ ਸਾਲਸ ਰਾਇ ਤੋਂ ਧਨ ਲੈਣ ਨੂੰ ਮਨ੍ਹਾਂ ਕਰ ਦਿੱਤਾ ਸੀ। ਵੱਖ-ਵੱਖ ਥਾਵਾਂ ‘ਤੇ ਹੋਏ ਇਹ ਵਾਰਤਾਲਾਪ ਗੁਰੂ ਨਾਨਕ ਦੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸੰਵਾਦ ਕਰਨ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਖੋਲ੍ਹਦੇ ਹਨ, ਅਤੇ ਸਾਨੂੰ ਵੱਖ-ਵੱਖ ਚੁਣੌਤੀਆਂ ਅਤੇ ਪੁਛ-ਪੜਤਾਲਾਂ ਦਾ ਸਾਹਮਣਾ ਕਰਨ ਵਾਲੇ ਉਨ੍ਹਾਂ ਦੇ ਪ੍ਰਤੀਕਰਮਾਂ ਵਿਚੋਂ ਕਿਸ ਤਰ੍ਹਾਂ ਦੀ ਸੇਧ ਮਿਲਦੀ ਹੈ?

੨. ਬਿਹਾਰ ਵਿਚ ਗੁਰੂ ਨਾਨਕ ਦੀ ਵਿਰਾਸਤ ਨੂੰ ਸੰਭਾਲਣ ਵਿਚ ਉਦਾਸੀਨ ਸੰਪ੍ਰਦਾਇ ਨੇ ਕਿਵੇਂ ਯੋਗਦਾਨ ਪਾਇਆ?

ਇਹ ਐਪੀਸੋਡ ਬਿਹਾਰ ਵਿਚ ਗੁਰੂ ਨਾਨਕ ਦੇ ਦਰਸ਼ਨ ਨੂੰ ਸੰਭਾਲਣ ਅਤੇ ਪ੍ਰਸਾਰਨ ਵਿਚ ਉਦਾਸੀ ਸੰਪ੍ਰਦਾਇ ਦੀ ਮਹੱਤਵਪੂਰਨ ਭੂਮਿਕਾ ਬਾਰੇ ਝਾਤ ਪਾਉਂਦਾ ਹੈ। ਇਸ ਭਾਗ ਅਨੁਸਾਰ ਬਿਹਾਰ ਵਿਚ ‘ਉਦਾਸੀ’ ਸੰਪ੍ਰਦਾਇ ਵੱਲੋਂ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਪ੍ਰਸਾਰ ਕਰਨ ਲਈ ਕਈ ਕੇਂਦਰ ਸਥਾਪਿਤ ਕੀਤੇ ਗਏ ਸਨ, ਪਰ ਮੌਜੂਦਾ ਸਮੇਂ ਵਿਚ ਜ਼ਿਆਦਾਤਰ ਗੁੰਮਨਾਮੀ ਦੇ ਰਾਹ ਪੈ ਚੁਕੇ ਹਨ। ਇਹ ਐਪੀਸੋਡ ਵਿਸ਼ੇਸ਼ ਤੌਰ ‘ਤੇ ਮਹੰਤ ਬਜਰੰਗੀ ਦਾਸ ਉਦਾਸੀਨ ਦਾ ਉਲੇਖ ਕਰਦਾ ਹੈ, ਜੋ ਗੁਰੂ ਨਾਨਕ ਦੇ ਅਨੁਯਾਈ ਹਨ ਅਤੇ ਸਾਸਾਰਾਮ ਵਿਚ 'ਪ੍ਰਾਚੀਨ ਇਤਿਹਾਸਿਕ ਉਦਾਸੀਨ ਗੁਰਦੁਆਰੇ ਦੀ ਸੇਵਾ ਸੰਭਾਲ ਕਰ ਰਹੇ ਹਨ, ਜਿੱਥੇ ਉਹ ਗਰੀਬ ਪਿੰਡ ਵਾਸੀਆਂ ਲਈ ਇਕ ਵਿਦਿਆਲਿਆ ਅਤੇ ਦਵਾਖਾਨਾ ਵੀ ਚਲਾਉਂਦੇ ਹਨ। ਸੋਨਪੁਰ ਵਿਚ, ਲੋਕ ਸੇਵਾ ਆਸ਼ਰਮ ਨੂੰ ਇਕ ‘ਉਦਾਸੀ’ ਕੇਂਦਰ ਵਜੋਂ ਜਾਣਿਆ ਜਾਂਦਾ ਹੈ, ਇਕ ਬਜ਼ੁਰਗ ‘ਉਦਾਸੀ ਸਾਧੂ’ ਦੱਸਦੇ ਹਨ ਕਿ ਪਹਿਲਾਂ ਇੱਥੇ ‘ਗੁਰੂ ਗ੍ਰੰਥ ਸਾਹਿਬ’, ਦਾ ਪ੍ਰਕਾਸ਼ ਸੀ। ਮਹੰਤ ਵਿਸ਼ਨੂ ਦਾਸ ਉਦਾਸੀ ਦੱਸਦੇ ਹਨ ਕਿ ਉਨ੍ਹਾਂ ਦੀ ਸੰਪ੍ਰਦਾਇ ਗੁਰੂ ਨਾਨਕ ਦੇ ਪੁੱਤਰ ਸਿਰੀਚੰਦ ਦੁਆਰਾ ਸਥਾਪਿਤ ਕੀਤੀ ਗਈ ਸੀ। 'ਉਦਾਸੀ ਮਤ' ਜੀਵਨ ਸ਼ੈਲੀ ਕੀ ਹੈ? ਇਹ ਪਰੰਪਰਾ ਪੰਜਾਬ ਤੋਂ ਦੂਰ ਸਥਿਤ ਖੇਤਰਾਂ ਵਿਚ ਗੁਰੂ

ਨਾਨਕ ਦੀ ਮੌਜੂਦਗੀ ਬਣਾਈ ਰੱਖਣ ਵਿਚ ਕਿਵੇਂ ਮਦਦਗਾਰ ਰਹੀ, ਅਤੇ ਮੌਜੂਦਾ ਕਾਲ ਵਿਚ ਕਿਹੜੇ ਕਾਰਣਾਂ ਨੇ ਇਹਨਾਂ ਕੇਂਦਰਾਂ ਦੇ ਪਤਨ ਵਿਚ ਭੂਮਿਕਾ ਨਿਭਾਈ?

੩. ਬਿਹਾਰ ਵਿਚ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਕਿਹੜੇ ਇਤਿਹਾਸਿਕ ਥਾਂ ਹਨ, ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ?
ਇਹ ਐਪੀਸੋਡ ਗੁਰੂ ਨਾਨਕ ਦੀ ਯਾਤਰਾ ਨਾਲ ਜੁੜੀਆਂ ਕਈ ਥਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਨ੍ਹਾਂ ਦੀ ਸਾਂਭ-ਸੰਭਾਲ ਦੀ ਸਥਿਤੀ ਵੱਖ-ਵੱਖ ਹੈ। ਸਾਸਾਰਾਮ ਸੰਬੰਧੀ ਐਪੀਸੋਡ ਉਲੇਖ ਕਰਦਾ ਹੈ ਕਿ ਇਥੇ ਗੁਰੂ ਨਾਨਕ ਦੀ ਯਾਤਰਾ ਨਾਲ ਜੁੜੀ ਕੋਈ ਵਿਸ਼ੇਸ਼ ਥਾਂ ਨਹੀਂ ਹੈ। ਪਰ 'ਗੁਰਦੁਆਰਾ ਚਾਚਾ ਫਗੂ ਮਲ' ਤੀਜੇ ਸਿੱਖ ਗੁਰੂ ਦੇ ਇਕ ਪ੍ਰਚਾਰਕ ਦੀ ਯਾਦ ਵਿਚ ਬਣਾਇਆ ਗਿਆ ਸੀ। ਗਯਾ ਵਿਚ, 'ਗੁਰਦੁਆਰਾ ਦੇਵ ਘਾਟ' ਨੂੰ ਇਕ ਸਿੱਖਿਆ ਕੇਂਦਰ ਵਜੋਂ ਸਥਾਪਿਤ ਕੀਤਾ ਗਿਆ ਸੀ, ਜਿਸ ਨੂੰ ਬਾਬਾ ਅਲਮਸਤ ਨੇ ਬਣਾਇਆ ਸੀ, ਜੋ ਛੇਵੇਂ ਗੁਰੂ ਹਰਿਗੋਬਿੰਦ ਦੇ ਸਮਕਾਲੀਨ ਸਨ। ਅਫ਼ਸੋਸ, ਇਹ ਥਾਂ ਹੁਣ ਖੰਡਰ ਬਣ ਚੁਕਾ ਹੈ। ਇਹ ਭਾਗ ਦੱਸਦਾ ਹੈ ਕਿ ਇਥੇ ਬਾਬਾ ਅਲਮਸਤ ਦੀ ਇਕ ਮੋਹਰ ਅਤੇ ਗੁਰੂ ਤੇਗ ਬਹਾਦਰ ਦੁਆਰਾ ਜਾਰੀ ਕੀਤਾ ਗਿਆ ਇਕ 'ਹੁਕਮਨਾਮਾ' ਕਦੇ ਸੰਭਾਲਿਆ ਹੋਇਆ ਸੀ। ਇਹ ਭਾਗ ਹਾਜੀਪੁਰ ਵਿਚ 'ਗੁਰਦੁਆਰਾ ਗਾਏ ਘਾਟ' ਦਾ ਉਲੇਖ ਕਰਦਾ ਹੈ, ਜੋ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਯਾਤਰਾ ਨਾਲ ਸੰਬੰਧਿਤ ਹੈ। ਸੋਨਪੁਰ ਵਿਚ, ਲੋਕ ਸੇਵਾ ਆਸ਼ਰਮ ਨੂੰ ਇਕ ਉਦਾਸੀ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਇਹਨਾਂ ਥਾਵਾਂ ਦੀ ਮੌਜੂਦਾ ਸਥਿਤੀ ਇਸ ਖੇਤਰ ਵਿਚ ਗੁਰੂ ਨਾਨਕ ਦੀ ਵਿਰਾਸਤ ਦੀ ਇਤਿਹਾਸਿਕ ਨਿਰੰਤਰਤਾ ਬਾਰੇ ਕੀ ਦਰਸਾਉਂਦੀ ਹੈ, ਅਤੇ ਵੱਖ-ਵੱਖ ਥਾਵਾਂ ਉਪਰ ਇਨ੍ਹਾਂ ਦੀ ਸੰਭਾਲ ਜਾਂ ਪਤਨ ਲਈ ਕਿਹੜੇ ਕਾਰਣਾਂ ਨੇ ਭੂਮਿਕਾ ਨਿਭਾਈ ਹੈ?

੪. ਇਹ ਐਪੀਸੋਡ ਗੁਰੂ ਨਾਨਕ ਅਤੇ ਗੌਤਮ ਬੁੱਧ ਵਿਚਕਾਰ ਕਿਹੜੀਆਂ ਸਮਾਨਤਾਵਾਂ ਸਥਾਪਤ ਕਰਦਾ ਹੈ, ਅਤੇ ਉਨ੍ਹਾਂ ਦੇ ਇਤਿਹਾਸਕ ਪ੍ਰਭਾਵ ਕਿਵੇਂ ਸਮਾਂਨਤਰ ਹਨ?
ਇਹ ਐਪੀਸੋਡ ਵਿਸਥਾਰ ਨਾਲ ਗੁਰੂ ਨਾਨਕ ਅਤੇ ਗੌਤਮ ਬੁੱਧ ਦੀ ਰੂਹਾਨੀ ਵਿਰਾਸਤ ਨੂੰ ਆਪਸ ਵਿਚ ਜੋੜਦਾ ਹੈ, ਭਾਵੇਂ ਉਨ੍ਹਾਂ ਵਿਚਕਾਰ ਲਗਭਗ ਦੋ ਹਜ਼ਾਰ ਸਾਲ ਦਾ ਅੰਤਰ ਹੈ, ਫਿਰ ਵੀ ਉਨ੍ਹਾਂ ਦੇ ਵਿਚਾਰ ਸਮਾਜ ਉਸਾਰੀ ਵਿਚ ਇਕੋ ਜਿਹਾ ਪ੍ਰਭਾਵ ਪਾਉਂਦੇ ਹਨ। ਆਪਣੇ-ਆਪਣੇ ਸਮਿਆਂ ਵਿਚ, ਉਨ੍ਹਾਂ ਨੇ ਜਾਤੀ ਪ੍ਰਣਾਲੀ ਅਤੇ ਧਾਰਮਿਕ ਦਰਜ਼ਾਬੰਦੀ ਵਿਰੁੱਧ ਕ੍ਰਾਂਤੀਕਾਰੀ ਅਗਵਾਈ ਕੀਤੀ। ਉਨ੍ਹਾਂ ਸਮਾਨਤਾ, ਮਾਨਵਤਾ, ਅਤੇ ਮਨੁਖੀ ਸੇਵਾ ਲਈ ਅਵਾਜ਼ ਬੁਲੰਦ ਕੀਤੀ। ਇਹ ਭਾਗ ਉਲੇਖ

ਕਰਦਾ ਹੈ ਕਿ ਗੁਰੂ ਨਾਨਕ ਅਤੇ ਗੌਤਮ ਬੁੱਧ ਦੋਹਾਂ ਨੇ ਮੋਹ ਦਾ ਤਿਆਗ ਕਰਨ ਅਤੇ ਮਨੁਖਤਾ ਨੂੰ ਸਦਾਚਾਰੀ ਜੀਵਨ ਜੀਉਣ ਲਈ ਸੇਧਿਤ ਕੀਤਾ। ਇਹ ਭਾਗ ਇਸ ਤੱਥ ਨੂੰ ਵੀ ਸਵਿਕਾਰ ਕਰਦਾ ਹੈ ਦੋਵਾਂ ਦੀ ਵਿਚਾਰਧਾਰਾ ਵਿਚ ਇਕ ਬੁਨਿਆਦੀ ਅੰਤਰ ਵੀ ਸੀ: ਬੁੱਧ ਸੰਦੇਹਵਾਦੀ ਸਨ, ਜਿਨ੍ਹਾਂ ਨੇ ਪਰਮਾਤਮਾ ਦੀ ਹੋਂਦ ਨੂੰ ਨਾ ਤਾਂ ਸਵੀਕਾਰ ਕੀਤਾ ਅਤੇ ਨਾ ਹੀ ਨਕਾਰਿਆ। ਜਦਕਿ, ਗੁਰੂ ਨਾਨਕ ਨੇ ਦੈਵੀ ਸਤਾ ਦੀ ਹੋਂਦ ਦੀ ਪੁਸ਼ਟੀ ਕੀਤੀ ਹੈ। ਇਹ ਭਾਗ ਗੌਤਮ ਬੁੱਧ ਦੀ ਵਿਰਾਸਤ ਵਿਚ ਇਕ ਹੈਰਾਨੀਜਨਕ ਵਿਕਾਸ ਦਾ ਵੀ ਉਲੇਖ ਕਰਦਾ ਹੈ: ਬੁੱਧ ਨੇ ਸਰੀਰ ਪ੍ਰਤੀ ਮੋਹ ਨੂੰ ਵਿਅਰਥ ਦੱਸਿਆ ਸੀ, ਫਿਰ ਵੀ ਉਨ੍ਹਾਂ ਦੀ ਮੌਜੂਦਾ ਸਮੇਂ ਮੂਰਤੀ-ਪੂਜਾ ਕੀਤੀ ਜਾ ਰਹੀ ਹੈ। ਇਹ ਸਮਾਨਾਂਤਰੀ ਸੁਧਾਰ ਅੰਦੋਲਨ, ਜੋ ਦੋ ਹਜ਼ਾਰ ਸਾਲਾਂ ਦੇ ਅੰਤਰਾਲ ਵਿਚ ਪਰ ਇਕੋ ਜਿਹੇ ਭੂਗੋਲਿਕ ਖੇਤਰ ਵਿਚ ਪੈਦਾ ਹੋਏ, ਭਾਰਤੀ ਉਪ-ਮਹਾਦੀਪ ਵਿਚ ਧਾਰਮਿਕ ਅਤੇ ਸਮਾਜਿਕ ਵਿਚਾਰਧਾਰਾਵਾਂ ਦੇ ਵਿਕਾਸ ਵਿਚ ਵਾਰ-ਵਾਰ ਉਭਰਨ ਵਾਲੇ ਦ੍ਰਿਸ਼ਟੀਕੋਣਾਂ ਨੂੰ ਕਿਵੇਂ ਦਰਸਾਉਂਦੇ ਹਨ?

੫. ਬਿਹਾਰ ਵਿਚ ਗੁਰੂ ਨਾਨਕ ਦੇ ਰੂਹਾਨੀ ਸੰਦੇਸ਼ ਲਈ ਸਮੁਦਾਇਕ ਸਮਰਥਨ ਬਾਰੇ ਇਹ ਭਾਗ ਕਿਹੜੇ ਤੱਥ ਪੇਸ਼ ਕਰਦਾ ਹੈ?

ਇਹ ਐਪੀਸੋਡ ਦਰਸਾਉਂਦਾ ਹੈ ਕਿ ਗੁਰੂ ਨਾਨਕ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਪੰਜਾਬ ਤੋਂ ਬਾਹਰ ਵੱਖ-ਵੱਖ ਭਾਈਚਾਰਿਆਂ ਦਾ ਸਮਰਥਨ ਪ੍ਰਾਪਤ ਹੋਇਆ। ਜ਼ਿਆਦਾਤਰ 'ਉਦਾਸੀ' ਕੇਂਦਰਾਂ 'ਤੇ ਦਾਨੀਆਂ ਦੇ ਨਾਮ ਦੀਆਂ ਲਗੀਆਂ ਤਖ਼ਤੀਆਂ ਤੋਂ ਇਹ ਪਤਾ ਚਲਦਾ ਸੀ ਇਹ ਕੇਂਦਰ, ਜੋ ਗੁਰੂ ਨਾਨਕ ਦੇ ਸੰਦੇਸ਼ ਦੇ ਪ੍ਰਚਾਰ ਹਿਤ ਸਥਾਪਿਤ ਕੀਤੇ ਗਏ ਸਨ, ਉਨ੍ਹਾਂ ਦਾ ਨਿਰਮਾਣ ਗੈਰ-ਸਿੱਖ ਭਾਈਚਾਰਿਆਂ ਨੇ ਕਰਵਾਇਆ ਸੀ। ਇਹ ਇਸ ਤੱਥ ਦਾ ਪ੍ਰਮਾਣ ਹੈ ਕਿ ਗੁਰੂ ਨਾਨਕ ਦੇ ਦਰਸ਼ਨ ਨੂੰ ਉਸ ਦੀ ਵਿਸ਼ਾਲਤਾ ਕਰਕੇ ਸਵਿਕਾਰਤਾ ਮਿਲੀ। ਬ੍ਰਿਤਾਂਤਕਾਰ ਦੱਸਦਾ ਹੈ ਕਿ ਇਹ ਦੇਖਣਾ ਖੁਸ਼ੀ ਦੀ ਗੱਲ ਸੀ ਕਿ ਗੁਰੂ ਨਾਨਕ ਦੀ ਨਿਸ਼ਕਾਮ ਸੇਵਾ ਨੂੰ ਪੰਜਾਬ ਤੋਂ ਦੂਰਦਰਾਜ਼ ਇਲਾਕਿਆਂ ਵਿਚ ਵੀ ਲੋਕ ਨੇ ਆਪਣੀ ਰਹਿਣੀ ਬਹਿਣੀ ਦਾ ਹਿੱਸਾ ਬਣਾਇਆ ਹੋਇਆ ਹੈ ਭਾਵੇਂ ਉਨ੍ਹਾਂ ਦਾ ਪੰਜਾਬ ਨਾਲ ਕੋਈ ਸੰਬੰਧ ਨਹੀਂ। ਇਹ ਕੀ ਦਰਸਾਉਂਦਾ ਹੈ ਕਿ ਗੁਰੂ ਨਾਨਕ ਦਾ ਦਰਸ਼ਨ ਵਿਸ਼ੇਸ਼ ਧਾਰਮਿਕ ਪਹਿਚਾਣ ਤੋਂ ਉੱਚੀ ਇਕ ਵਿਸ਼ਵਵਿਆਪੀ ਪਹੁੰਚ ਰੱਖਦਾ ਹੈ, ਅਤੇ ਇਸ ਵਿਆਪਕ ਸਵਿਕਾਰਤਾ ਨੇ ਉਨ੍ਹਾਂ ਦੀ ਵਿਰਾਸਤ ਨਾਲ ਜੁੜੇ ਸਥਾਨਾਂ ਦੀ ਸਥਾਪਨਾ ਅਤੇ ਸੰਭਾਲ ਵਿੱਚ ਕਿਵੇਂ ਯੋਗਦਾਨ ਪਾਇਆ?

੬. ਇਹ ਐਪੀਸੋਡ ਗੁਰੂ ਨਾਨਕ ਦੀ ਅਗਵਾਈ ਕਰਨ ਵਾਲੇ ਦ੍ਰਿਸ਼ਟੀਕੋਣ ਨੂੰ ਹਰਿ ਨਾਥ ਅਤੇ ਸਾਲਿਸ ਰਾਇ ਨਾਲ ਉਨ੍ਹਾਂ ਦੀ ਵਾਰਤਾਲਾਪ ਰਾਹੀਂ ਕਿਵੇਂ ਦਰਸਾਉਂਦਾ ਹੈ?

ਇਹ ਐਪੀਸੋਡ ਦੋ ਮਹੱਤਵਪੂਰਨ ਬ੍ਰਿਤਾਂਤਾਂ ਦਾ ਵਰਣਨ ਕਰਦਾ ਹੈ ਜੋ ਗੁਰੂ ਨਾਨਕ ਦੇ ਅਗਵਾਈ ਕਰਨ ਵਾਲੇ ਨਜ਼ਰੀਏ ਨੂੰ ਪ੍ਰਗਟ ਕਰਦੇ ਹਨ। ਚੰਦੌਲੀ ਵਿਖੇ, ਹਰਿ ਨਾਥ ਮਾਨਸਿਕ ਤੌਰ 'ਤੇ ਅਸ਼ਾਂਤ ਸਨ ਅਤੇ ਮੁਖੀਆ ਦਾ ਪਦ ਛੱਡਣ ਬਾਰੇ ਸੋਚ ਰਹੇ ਸਨ। ਗੁਰੂ ਨਾਨਕ ਨੇ ਉਨ੍ਹਾਂ ਨੂੰ ਇਕ ਸਦਾਚਾਰੀ ਨੇਤਾ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਅਤੇ ਆਪਣੀ ਪ੍ਰਜਾ ਦੀ ਨਿਸ਼ਕਾਮ ਸੇਵਾ ਕਰਨ ਦਾ ਉਪਦੇਸ਼ ਦਿਤਾ। ਇਸ ਮੁਕਤੀ ਮਾਰਗ 'ਤੇ, ਉਹ ਸੰਸਾਰ ਵਿਚ ਰਹਿ ਕੇ ਵੀ ਉਪਰਾਮ ਰਹਿ ਸਕਦੇ ਸਨ। ਇਹ ਵਾਰਤਾਪਾਲ ਦਰਸਾਉਂਦਾ ਹੈ ਕਿ ਰੂਹਾਨੀ ਵਿਗਾਸ ਲਈ ਸੰਸਾਰਕ ਜ਼ਿੰਮੇਵਾਰੀਆਂ ਦਾ ਤਿਆਗ ਲਾਜ਼ਮੀ ਨਹੀਂ, ਸਗੋਂ ਉਨ੍ਹਾਂ ਨੂੰ ਤਿਆਗ ਅਤੇ ਸੇਵਾ ਦੀ ਭਾਵਨਾ ਨਾਲ ਨਿਭਾਉਣਾ ਚਾਹੀਦਾ ਹੈ। ਹਾਜੀਪੁਰ ਵਿਖੇ, ਜਦੋਂ ਬਿਨਾ ਕਿਸੇ ਲੈਣ-ਦੇਣ ਉਨ੍ਹਾਂ ਨੂੰ ਧਨ ਦੇਣ ਦੀ ਪੇਸ਼ਕਸ਼ ਕੀਤੀ, ਤਾਂ ਗੁਰੂ ਨਾਨਕ ਨੇ ਇਸਨੂੰ ਸਵਿਕਾਰ ਨਾ ਕੀਤਾ। ਉਨ੍ਹਾਂ ਲਈ, ਬਿਨਾ ਕਿਸੇ ਖਰੀਦੋ-ਫ਼ਰੋਖਤ ਇਸਨੂੰ ਲੈਣਾ ਭਿਖਿਆ ਮੰਗਣ ਦੇ ਬਰਾਬਰ ਸੀ। ਬਾਅਦ ਵਿਚ, ਉਨ੍ਹਾਂ ਨੇ ਸਾਲਿਸ ਰਾਇ ਨੂੰ ਸਲਾਹ ਦਿੱਤੀ ਕਿ ਅਮੀਰਅਤ ਰੂਹਾਨੀ ਵਿਕਾਸ ਵਿਚ ਰੁਕਾਵਟ ਨਾ ਬਣੇ ਅਤੇ ਇਸ ਬਾਰੇ ਵੀ ਵਿਸ਼ੇਸ ਧਿਆਨ ਦਿਤਾ ਕਿ ਆਦ੍ਰਕਾ, ਜੋ ਇੱਕ ਸਧਾਰਣ ਕਰਮਚਾਰੀ ਹੋਣ ਦੇ ਬਾਵਜੂਦ ਵਧੇਰੇ ਗਿਆਨਵਾਨ ਹੋ ਸਕਦਾ ਹੋਵੇ। ਨਿਮਰਤਾ ਹੀ ਨੇਕੀ ਦੀ ਅਸਲੀ ਪਹਿਚਾਣ ਹੈ, ਨਾ ਕਿ ਸਮਾਜਿਕ, ਧਾਰਮਿਕ ਜਾਂ ਆਰਥਿਕ ਰੁਤਬਾ। ਇਹ ਬ੍ਰਿਤਾਂਤ ਗੁਰੂ ਨਾਨਕ ਦੇ ਸਮਦ੍ਰਿਸ਼ਟੀ ਨਜ਼ਰੀਏ ਨੂੰ ਕਿਵੇਂ ਉਬਾਰਦੇ ਹਨ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ 'ਹੁਕਮ' (ਕੁਦਰਤੀ ਨਿਯਮ) ਦੀ ਧਾਰਨਾ ਨੂੰ ਮਨੁੱਖੀ ਸੁਤੰਤਰ ਇੱਛਾ ਨਾਲ ਕਿਵੇਂ ਜੋੜਦੇ ਹਨ?

ਇਹ ਐਪੀਸੋਡ ਗੁਰੂ ਨਾਨਕ ਦੇ ਸਬਦ ਨਾਲ ਸ਼ੁਰੂ ਹੁੰਦਾ ਹੈ, ਜਿਸ ਵਿਚ ਹੁਕਮ, ਅਰਥਾਤ ਕੁਦਰਤੀ ਨਿਯਮ ਦੀ ਗੱਲ ਕੀਤੀ ਗਈ ਹੈ, ਜੋ ਪੂਰੇ ਬ੍ਰਹਮੰਡ ਨੂੰ ਚਲਾਉਂਦਾ ਹੈ। ਇਹ ਸਮਝਾਇਆ ਗਿਆ ਹੈ ਕਿ ਇਹੀ ਨਿਯਮ ਆਕਾਸ਼ ਦੀ ਵਿਸ਼ਾਲਤਾ ਨੂੰ ਰਚਦਾ ਹੈ। ਇਹੀ ਜਲ, ਥਲ ਅਤੇ ਤਿੰਨਾਂ ਲੋਕਾਂ ਵਿਚ ਜੀਵਨ ਨੂੰ ਬਣਾਈ ਰੱਖਦਾ ਹੈ। ਹੁਕਮ ਜੀਵਨ ਦੇ ਲਗਾਤਾਰ ਪ੍ਰਵਾਹ ਅਤੇ ਪੋਸ਼ਣ ਨੂੰ

ਯਕੀਨੀ ਬਣਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਜੇਕਰ ਕੋਈ ਆਪਣੇ ਅੰਦਰ ਝਾਤੀ ਮਾਰੇ, ਤਾਂ ਉਹ ਪੂਰੀ ਸ੍ਰਿਸ਼ਟੀ ਦੇ ਤਤ-ਸਾਰ ਨੂੰ ਸਮਝ ਸਕਦਾ ਹੈ। ਇਹ ਭਾਗ ਸਪਸ਼ਟ ਕਰਦਾ ਹੈ ਕਿ ਹੁਕਮ ਕੁਦਰਤ ਦਾ ਨਿਯਮ ਹੈ, ਜੋ ਸਦਾ ਅਟੱਲ ਰਹਿੰਦਾ ਹੈ ਅਤੇ ਪੂਰੇ ਬ੍ਰਹਮੰਡ ਨੂੰ ਸੰਚਾਲਿਤ ਕਰਦਾ ਹੈ। ਇਹੀ ਨਿਯਮ 'ਕਰਮ' ਜਾਂ ਸੁਤੰਤਰ ਇੱਛਾ ਦੀ ਵੀ ਇਜਾਜ਼ਤ ਦਿੰਦਾ ਹੈ, ਜਿਸ ਨਾਲ ਵਿਅਕਤੀ ਨੂੰ ਕਰਮ ਕਰਨ ਦੀ ਆਜ਼ਾਦੀ ਮਿਲਦੀ ਹੈ। ਗੁਰੂ ਨਾਨਕ ਦੇ ਅਨੁਸਾਰ, ਵਿਅਕਤੀ ਦੇ ਕਰਮ ਹੀ ਉਸਦਾ ਭਾਗ ਬਣਾਉਂਦੇ ਹਨ। ਇਹ ਨਜ਼ਰੀਆ ਬ੍ਰਹਮੰਡੀ ਢਾਂਚੇ ਅਤੇ ਨਿੱਜੀ ਚੋਣਾਂ ਵਿਚਕਾਰ ਸੰਤੁਲਨ ਬਣਾਉਂਦਾ ਹੈ, ਇਹ ਦਰਸਾਉਂਦਿਆਂ ਕਿ ਕੁਦਰਤੀ ਨਿਯਮ ਪੂਰੀ ਦੁਨੀਆਂ ਨੂੰ ਚਲਾਉਂਦੇ ਹਨ, ਪਰ ਮਨੁੱਖ ਨੂੰ ਆਪਣੇ ਕਰਮਾਂ ਰਾਹੀਂ ਆਪਣੀ ਤਕਦੀਰ ਨੂੰ ਪ੍ਰਭਾਵਿਤ ਕਰਨ ਦੀ ਆਜ਼ਾਦੀ ਹੈ। ਇਹ ਦੈਵੀ ਪ੍ਰਬੰਧ ਅਤੇ ਮਨੁੱਖੀ ਕਰਮ, ਦਾਰਸ਼ਨਿਕ ਪ੍ਰਣਾਲੀ ਅਧਾਰਿਤ ਪੂਰਨ ਸੁਤੰਤਰ ਇੱਛਾ ਪ੍ਰਣਾਲੀ ਜਾਂ ਪੂਰਵ ਨਿਰਧਾਰਿਤ ਕਿਸਮਤ ਤੋਂ ਕਿਵੇਂ ਨਿਆਰਾ ਹੈ ਅਤੇ ਇਸਦਾ ਵਿਅਕਤੀਗਤ ਜ਼ਿੰਮੇਵਾਰੀ ਅਤੇ ਰੂਹਾਨੀ ਵਿਕਾਸ ਬਾਰੇ ਕਿਸ ਤਰ੍ਹਾਂ ਦਾ ਨਜ਼ਰੀਆ ਹੋ ਸਕਦਾ ਹੈ?

੨. ਗੁਰੂ ਨਾਨਕ ਨੇ ਗਯਾ ਵਿੱਚ 'ਪਿੰਡ ਦਾਨ' ਵਰਗੀਆਂ ਰਸਮਾਂ ਦੀ ਕੀ ਆਲੋਚਨਾ ਕੀਤੀ ਸੀ? ਇਹ ਐਪੀਸੋਡ ਗਯਾ ਵਿਖੇ ਪੂਰਵਜਾਂ ਲਈ ਕੀਤੇ ਜਾਣ ਵਾਲੇ 'ਪਿੰਡ ਦਾਨ' ਸੰਬੰਧੀ ਗੁਰੂ ਨਾਨਕ ਦੀ ਪ੍ਰਤੀਕ੍ਰਿਆ ਨੂੰ ਪੇਸ਼ ਕਰਦਾ ਹੈ। ਜਦ ਗੁਰੂ ਨਾਨਕ ਨਦੀ ਦੇ ਕੰਢੇ ਧਿਆਨ ਲੀਨ ਸਨ, ਤਾਂ ਕੁਝ ਪੁਰੋਹਿਤ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਇਹ ਮੰਗ ਕੀਤੀ ਕਿ ਉਹ ਆਪਣੇ ਪੂਰਵਜਾਂ ਲਈ ਰਸਮੀ ਕਿਰਿਆ ਕਰਨ, ਤਾਂ ਜੋ ਉਨ੍ਹਾਂ ਦੀਆਂ ਰੂਹਾਂ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਸਕਣ। ਗੁਰੂ ਨਾਨਕ ਨੇ ਨਿਮਰਤਾ ਨਾਲ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੇ ਅਗਿਆਨਤਾ ਦੇ ਹਨੇਰੇ ਨੂੰ ਗਿਆਨ ਦੀ ਜੋਤਿ ਨਾਲ ਦੂਰ ਕਰਨ ਦੀ ਰਸਮ ਨੂੰ ਪਹਿਲਾਂ ਹੀ ਪੂਰਾ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਮੌਤ ਤੋਂ ਬਾਅਦ ਮੁਕਤੀ ਦੀ ਆਸ ਕਰਨੀ ਵਿਅਰਥ ਹੈ। ਜੀਉਂਦੇ ਜੀਅ ਨੇਕ ਕਰਮ ਰਾਹੀਂ ਮੁਕਤੀ ਹਾਸਲ ਕਰਨ ਦਾ ਰਾਹ ਸਰਵੋਤਮ ਹੈ। ਇਹ ਭਾਗ ਉਨ੍ਹਾਂ ਦੀ ਬਾਣੀ ਦਾ ਹਵਾਲਾ ਦਿੰਦਾ ਹੈ, ਜਿਸ ਵਿਚ ਉਹ ਕਹਿੰਦੇ ਹਨ ਕਿ ਲੋਕ ਮ੍ਰਿਤਕ ਪੂਰਵਜਾਂ ਨੂੰ ਰਸਮੀ ਤੌਰ 'ਤੇ ਭੇਟਾਂਵਾਂ ਅਰਪਣ ਕਰਦੇ ਹਨ, ਪਰ ਅਸਲ ਵਿਚ ਉਹ ਭੇਟਾ ਪੁਰੋਹਿਤ ਹੀ ਲੈਂਦੇ ਹਨ। ਗੁਰੂ ਨਾਨਕ ਕਹਿੰਦੇ ਹਨ ਕਿ ਚੰਗੇ ਕਰਮਾਂ ਦੀ ਦਿੱਤੀ ਹੋਈ ਭੇਟਾ ਕਦੇ ਸਮਾਪਤ ਨਹੀਂ ਹੁੰਦੀ। ਫਿਰ ਇਹ ਦਰਸਾਉਂਦਾ ਹੈ ਕਿ ਗੁਰੂ ਨਾਨਕ ਸਪਸ਼ਟ ਕਰਦੇ ਹਨ ਕਿ ਮੁਕਤੀ ਪ੍ਰਾਪਤੀ ਲਈ ਕਰਮਕਾਂਡੀ ਰਸਮਾਂ ਦੀ ਪਾਲਨਾ ਕਰਨੀ ਇਕ ਭਰਮ ਹੈ। ਇਸ ਦੀ ਬਜਾਏ, ਉਹ ਸ਼ੁਕਰਾਨੇ ਦੀ ਭਾਵਨਾ

---

ਵਿਕਸਤ ਕਰਨ ਦੀ ਸਲਾਹ ਦਿੰਦੇ ਹਨ, ਜੋ ਸਦਾ ਬਣੀ ਰਹਿੰਦੀ ਹੈ। ਇਹ ਆਲੋਚਨਾ ਉਸ ਸਮੇਂ ਦੀ ਸਥਾਪਿਤ ਧਾਰਮਿਕ ਅਰਥਵਿਵਸਥਾ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਕਰਮਕਾਂਡੀ ਰਸਮੀ ਭੇਟਾਂਵਾਂ ਦੀ ਥਾਂ ਤੇ ਕਿਹੜੇ ਰੂਹਾਨੀ ਅਭਿਆਸ ਦਾ ਵਿਕਲਪ ਸਾਹਮਣੇ ਰੱਖਦੀ ਹੈ?

੩. ਗੁਰੂ ਨਾਨਕ ਨੇ ਕਮਲ ਦੇ ਫੁੱਲ ਨੂੰ ਸੰਸਾਰ ਵਿਚ ਸਦਗੁਣ ਭਰਪੂਰ ਜੀਵਨ ਜੀਉਣ ਦੇ ਰੂਪਕ ਵਜੋਂ ਕਿਵੇਂ ਵਰਤਿਆ?

ਇਸ ਐਪੀਸੋਡ ਵਿਚ ਗੁਰੂ ਨਾਨਕ ਨੇ ਸਾਲਿਸ ਰਾਇ ਦੇ ਪ੍ਰਸ਼ਨ ਦੇ ਜਵਾਬ ਵਿਚ ਕਮਲ ਦੇ ਫੁੱਲ ਨੂੰ ਇਕ ਰੂਪਕ ਵਜੋਂ ਪੇਸ਼ ਕੀਤਾ ਹੈ। ਸਾਲਿਸ ਰਾਇ ਨੇ ਪੁੱਛਿਆ ਕਿ ਇਸ ਭਟਕਣਾ ਵਾਲੇ ਸੰਸਾਰ ਵਿਚ ਸਿਧਾਂਤਵਾਦੀ ਜੀਵਨ ਕਿਵੇਂ ਜੀਵਿਆ ਜਾਵੇ? ਗੁਰੂ ਨਾਨਕ ਉੱਤਰ ਦਿੰਦੇ ਹੋਏ ਕਹਿੰਦੇ ਹਨ ਕਿ ਕਮਲ ਦਾ ਫੁੱਲ ਚਿੱਕੜ ਵਿਚ ਖਿੜਦਾ ਹੈ, ਉਸਦੇ ਵਿਚ ਹੀ ਰਹਿੰਦਾ ਹੈ, ਪਰ ਉਸ ਦੀ ਮੈਲ ਤੋਂ ਨਿਰਲੇਪ। ਕਮਲ ਦਾ ਫੁੱਲ ਰੂਹਾਨੀਅਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਵਿਚ ਦੇਣਹਾਰ, ਨਵੇਂ ਜਨਮ, ਸਹਿਨਸ਼ੀਲਤਾ ਅਤੇ ਪਵਿੱਤਰਤਾ ਦੇ ਗੁਣ ਹੁੰਦੇ ਹਨ। ਗੁਰੂ ਨਾਨਕ ਕਹਿੰਦੇ ਹਨ ਕਿ ਕਮਲ ਦੇ ਫੁੱਲ ਵਾਂਗ ਜੀਵਨ ਜੀਉਣ ਦੀ ਇੱਛਾ ਰੱਖੋ। ਉਹ ਸਮਝਾਉਂਦੇ ਹਨ ਕਿ ਗੰਦਗੀ ਦੇ ਵਿਚ ਰਹਿੰਦੇ ਹੋਏ ਵੀ, ਉਸ ਤੋਂ ਪ੍ਰਭਾਵਿਤ ਨਹੀਂ ਹੋਣਾ। ਨਕਾਰਾਤਮਕ ਹਾਲਾਤਾਂ ਵਿਚ ਵੀ ਆਪਣੀ ਨਿਸ਼ਚਾ ਅਤੇ ਸਕਾਰਾਤਮਕਤਾ ਬਣਾਈ ਰੱਖੋ। ਇਹ ਰੂਪਕ ਰੂਹਾਨੀ ਰੁਝਾਨ ਦਾ ਇਹੋ ਜਿਹਾ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ, ਜੋ ਨਾ ਤਾਂ ਸੰਸਾਰ ਦਾ ਪੂਰਨ ਤਿਆਗ ਕਰਨ ਅਤੇ ਨਾ ਹੀ ਪੂਰੀ ਤਰ੍ਹਾਂ ਲਿਪਤ ਹੋਣ ਦੀ ਸੇਧ ਦਿੰਦਾ ਹੈ, ਬਲਕਿ ਪੂਰੀ ਤਰ੍ਹਾਂ ਇਸ ਵਿਚ ਰਹਿੰਦਿਆਂ ਪੂਰਨ ਪਵਿੱਤਰਤਾ ਬਣਾਈ ਰੱਖਣ ਦੀ ਤਰਜ਼ਮਾਨੀ ਕਰਦਾ ਹੈ। ਇਹ ਰੂਪਕ ਪੂਰਨ ਤੌਰ ਤੇ ਸੰਸਾਰਿਕ ਸ਼ਮੂਲੀਅਤ ਅਤੇ ਪੂਰਨ ਸੰਨਿਆਸ ਵਿਚਕਾਰ ਇਕ ਮੱਧਮਾਰਗ ਕਿਵੇਂ ਪੇਸ਼ ਕਰਦਾ ਹੈ, ਅਤੇ ਇਹ ਰੋਜ਼ਾਨਾ ਦੇ ਜੀਵਨ ਦੀਆਂ ਨੈਤਿਕ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨ ਵਿਚ ਕੀ ਵਿਵਹਾਰਿਕ ਦਿਸ਼ਾ-ਨਿਰਦੇਸ਼ ਪੇਸ਼ ਕਰ ਸਕਦਾ ਹੈ?

੪. ਗੁਰੂ ਨਾਨਕ ਦੀ ਦੈਵੀ ਸਤਾ ਦੀ ਧਾਰਨਾ ਗੌਤਮ ਬੁੱਧ ਦੇ ਸੰਦੇਹਵਾਦ ਤੋਂ ਕਿਵੇਂ ਨਿਆਰੀ ਹੈ?

ਇਹ ਐਪੀਸੋਡ ਗੁਰੂ ਨਾਨਕ ਦੀ ਦੈਵੀ ਸਤਾ ਦੀ ਧਾਰਨਾ ਦੀ ਗੌਤਮ ਬੁੱਧ ਦੇ ਸੰਦੇਹਵਾਦ ਸਿਧਾਂਤ ਨਾਲ ਤੁਲਨਾ ਕਰਦਾ ਹੈ। ਗੌਤਮ ਬੁੱਧ ਨਾ ਤਾਂ ਪਰਮਾਤਮਾ ਦੀ ਹੋਂਦ ਨੂੰ ਸਵਿਕਾਰ ਕਰਦੇ ਸਨ ਅਤੇ ਨਾ ਹੀ ਅਸਵਿਕਾਰ। ਦੂਜੇ ਪਾਸੇ, ਗੁਰੂ ਨਾਨਕ ਦੈਵੀ ਸਤਾ ਦੀ ਹੋਂਦ ਦੀ ਪੁਸ਼ਟੀ ਕਰਦੇ ਹਨ

ਜੋ ਸਮਝ ਤੋਂ ਬਾਹਰ ਹੋ ਸਕਦੀ ਹੈ, ਪਰ ਇਸ ਦੇ ਬਾਵਜੂਦ ਇਹ ਹਰ ਥਾਂ ਵਿਦਮਾਨ ਹੈ। ਇਹ ਐਪੀਸੋਡ ਗੁਰੂ ਨਾਨਕ ਦੇ ਇਕ ਸਬਦ ਨੂੰ ਪੇਸ਼ ਕਰਦਾ ਹੈ, ਜਿਸ ਵਿਚ ਉਹ ਦਿਲੋਂ ਪਿਆਰ ਨਾਲ ਸੁਣਨ ਬਾਰੇ ਸਮਝਾਉਂਦੇ ਹਨ। ਉਹਨਾਂ ਦੇ ਸਬਦ ਦਾ ਭਾਵ ਹੈ ਮੇਰਾ ਪ੍ਰੀਤਮ ਅੰਮ੍ਰਿਤ ਦਾ ਭੰਡਾਰ ਹੈ, ਸਦਾ ਮੇਰੇ ਅੰਦਰ ਹੀ ਵਸਦਾ ਹੈ। ਉਹ ਅਲਖ ਅਤੇ ਅਦ੍ਰਿਸ਼ਟ ਹੈ। ਮੈਂ ਇਸ ਦਾ ਵੇਰਵਾ ਕਿਵੇਂ ਦਿਆਂ? ਇਹ ਗੁਰੂ ਨਾਨਕ ਦੀ ਉਸ ਸਥਿਤੀ ਨੂੰ ਪ੍ਰਗਟ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਦੈਵੀ ਸਤਾ ਮਨੁੱਖੀ ਸਮਝ ਤੋਂ ਪਰੇ ਹੈ ਪਰ ਇਹ ਸਤਿ, ਹਾਜ਼ਰ ਅਤੇ ਅੰਦਰੂਨੀ ਅਨੁਭਵ ਰਾਹੀਂ ਪਹੁੰਚਯੋਗ ਹੈ। ਇਹ ਦਾਰਸ਼ਨਿਕ ਅੰਤਰ ਰੂਹਾਨੀ ਅਭਿਆਸ, ਨੈਤਿਕ ਆਚਰਣ ਅਤੇ ਪਰਮ ਸਚ ਨੂੰ ਸਮਝਣ ਵਿਚ ਕੀ ਪ੍ਰਭਾਵ ਪਾ ਸਕਦਾ ਹੈ, ਅਤੇ ਇਸ ਨੇ ਕਿਸ ਤਰ੍ਹਾਂ ਬੁੱਧ ਧਰਮ ਅਤੇ ਸਿੱਖ ਧਰਮ ਦੇ ਅੱਡਰੇ ਮਾਰਗਾਂ ਦਾ ਨਿਰਮਾਣ ਕੀਤਾ ਹੋਵੇਗਾ?

੫. ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਭੌਤਿਕ ਸੰਪਤੀ ਅਤੇ ਰੂਹਾਨੀ ਗਿਆਨ ਵਿਚ ਕੀ ਅੰਤਰ ਹੈ? ਇਹ ਐਪੀਸੋਡ ਗੁਰੂ ਨਾਨਕ ਦੀ ਸੋਨਪੁਰ ਵਿਚ ਇਕ ਯਾਤਰੀ ਨਾਲ ਹੋਈ ਗੱਲਬਾਤ ਰਾਹੀਂ ਭੌਤਿਕ ਸੰਪਤੀ ਅਤੇ ਰੂਹਾਨੀ ਗਿਆਨ ਦੀ ਤੁਲਨਾ ਕਰਦਾ ਹੈ। ਨਦੀ ਦੇ ਕੰਢੇ ਇਕ ਯਾਤਰੀ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਜਦੋਂ ਮਨ ਭੌਤਿਕ ਲਾਭ ਦੀ ਇੱਛਾ ਕਰਦਾ ਹੈ, ਤਾਂ ਰੂਹਾਨੀਅਤ ਦੀ ਖੋਜ ਕਿਵੇਂ ਕੀਤੀ ਜਾਵੇ? ਉੱਤਰ ਵਿੱਚ, ਗੁਰੂ ਨਾਨਕ ਇਕ ਸਬਦ ਗਾਇਨ ਕਰਦੇ ਹਨ, ਜਿਸ ਵਿਚ ਉਹ ਕਹਿੰਦੇ ਹਨ ਕਿ ਜਦੋਂ ਸਰੀਰ ਨਸ਼ਟ ਹੋ ਜਾਂਦਾ ਹੈ, ਤਾਂ ਧਨ ਦਾ ਮਾਲਕ ਕੌਣ ਬਣਦਾ ਹੈ? ਬਿਨਾਂ ਸਚੇ ਗਿਆਨ ਦੇ ਆਤਮ-ਚਿੰਤਨ ਕਿਵੇਂ ਹਾਸਲ ਕੀਤਾ ਜਾ ਸਕਦਾ ਹੈ? ਚਿੰਤਨ ਉਹ ਸੰਪਤੀ ਹੈ, ਜੋ ਸਚੀ ਸਾਥੀ ਅਤੇ ਮਿੱਤਰ ਹੈ। ਇਹ ਭਾਗ ਸਪਸ਼ਟ ਕਰਦਾ ਹੈ ਕਿ ਜਦੋਂ ਸਰੀਰ ਨਸ਼ਟ ਹੋ ਜਾਂਦਾ ਹੈ, ਤਾਂ ਇਕੱਠਾ ਕੀਤਾ ਭੌਤਿਕ ਧਨ ਕਿਸੇ ਕੰਮ ਨਹੀਂ ਆਉਂਦਾ। ਗੁਰੂ ਨਾਨਕ ਕਹਿੰਦੇ ਹਨ ਕਿ ਅਸਲ ਲਾਭ ਗਿਆਨ ਇਕੱਤਰ ਕਰਨ ਵਿਚ ਹੈ, ਜੋ ਵਿਅਕਤੀ ਨੂੰ ਹਨੇਰੇ ਤੋਂ ਰੋਸ਼ਨੀ ਵਲ ਲੈ ਜਾਂਦਾ ਹੈ। ਸ਼ਾਸਤ੍ਰ ਵਪਾਰੀ ਹਨ। ਰੂਹਾਨੀ ਗਿਆਨ ਹੀ ਅਸਲ ਪੂੰਜੀ ਹੈ, ਜਿਸ ਨੂੰ ਧਰਮ-ਯੁਕਤ ਕਰਮਾਂ ਰਾਹੀਂ ਹਾਸਲ ਕੀਤਾ ਜਾਂਦਾ ਹੈ। ਨਾਨਕ ਕਹਿੰਦੇ ਹਨ ਕਿ ਇਸ ਪੂੰਜੀ ਤੋਂ ਇਲਾਵਾ ਹੋਰ ਕੋਈ ਵੀ ਕਮਾਈ ਲਾਭਕਾਰੀ ਨਹੀਂ ਹੋ ਸਕਦੀ। ਇਹ ਨਜ਼ਰੀਆ ਕਿਸ ਤਰੀਕੇ ਨਾਲ ਧਨ, ਲਾਭ ਅਤੇ ਨਿਵੇਸ਼ ਦੀਆਂ ਧਾਰਨਾਵਾਂ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ, ਜੋ ਰਵਾਇਤੀ ਆਰਥਿਕ ਸੋਚ ਨੂੰ ਚੁਣੌਤੀ ਦਿੰਦਾ ਹੈ ਅਤੇ ਜੀਵਨ ਦੀ ਚੋਣ ਦਾ ਮੁਲਾਂਕਣ ਕਰਨ ਲਈ ਵਿਕਲਪ ਦੇ ਤੌਰ 'ਤੇ ਇਕ ਢਾਂਚਾ ਪੇਸ਼ ਕਰਦਾ ਹੈ?

੬. ਗੁਰੂ ਨਾਨਕ ਮਨ ਦੇ ਭਰਮ ਅਤੇ ਉਨ੍ਹਾਂ ਦੀਆਂ ਅਉਖਧੀਆਂ ਬਾਰੇ ਕੀ ਦੱਸਦੇ ਹਨ?

ਇਹ ਐਪੀਸੋਡ ਚੰਦੌਲੀ ਵਿਚ ਮਾਨਸਿਕ ਪੀੜਾ ਅਤੇ ਉਸਦੇ ਇਲਾਜ ਬਾਰੇ ਗੁਰੂ ਨਾਨਕ ਦੀ ਸੂਝ ਨੂੰ ਦਰਸਾਉਂਦਾ ਹੈ। ਉਹ ਨਿਹਾਰਦੇ ਹਨ ਕਿ ਮਨ ਵਾਰ-ਵਾਰ ਪੀੜਾ ਦਾ ਅਨੁਭਵ ਕਰਦਾ ਹੈ ਅਤੇ ਬੇਲੋੜੇ ਦਰਦ ਨੂੰ ਝਲਦਾ ਹੈ। ਜੋ ਵਿਅਕਤੀ ਰੂਹਾਨੀ ਸਿੱਖਿਆ ਨੂੰ ਭੁੱਲ ਜਾਂਦਾ ਹੈ, ਉਹ ਇਕ ਰੋਗੀ ਵਾਂਗ ਵਿਰਲਾਪ ਕਰਦਾ ਹੈ। ਵਧੇਰੇ ਬੋਲਣਾ ਵਿਅਰਥ ਹੈ; ਬਿਨਾਂ ਸ਼ਬਦਾਂ ਦੇ ਵੀ ਸਰਬਵਿਆਪੀ ਸ਼ਕਤੀ ਸਭ ਕੁਝ ਜਾਣਦੀ ਹੈ। ਗੁਰੂ ਨਾਨਕ ਫੁਰਮਾਉਂਦੇ ਹਨ ਕਿ ਜਦੋਂ ਮਨ ਭ੍ਰਮਿਤ ਹੁੰਦਾ ਹੈ, ਤਾਂ ਉਹ ਦੁਖੀ ਹੋ ਵਿਅਰਥ ਗੱਲਾਂ ਕਰਦਾ ਹੈ, ਜਿਸ ਨਾਲ ਮਨ ਅਤੇ ਦੇਹੀ ਦੋਵਾਂ ਨੂੰ ਨੁਕਸਾਨ ਪਹੁੰਚਦਾ ਹੈ। ਇਸ ਦਾ ਇਲਾਜ ਆਤਮ ਪੜਚੋਲ ਵਿਚ ਨਹਿਤ ਹੈ। ਇਹ ਸੁਨੇਹਾ ਮਾਨਸਿਕ ਭਰਮ ਨੂੰ ਪੀੜਾ ਦੇ ਸਰੋਤ ਵਜੋਂ ਪਛਾਣਦਾ ਹੈ ਅਤੇ ਇਹ ਸੁਝਾਉਂਦਾ ਹੈ ਕਿ ਸਵੀਕਾਰਤਾ, ਆਤਮ-ਚਿੰਤਨ ਅਤੇ ਰੂਹਾਨੀ ਅੰਤਰ ਦ੍ਰਿਸ਼ਟੀ ਹੀ ਇਸ ਇਸ ਹਾਲਤ ਲਈ ਪ੍ਰਭਾਵਸ਼ਾਲੀ ਇਲਾਜ ਹੋ ਸਕਦੇ ਹਨ। ਮਾਨਸਿਕ ਪੀੜਾ ਅਤੇ ਉਸਦੇ ਇਲਾਜ ਦੀ ਇਹ ਸੂਝ ਮਾਨਸਿਕ ਸਿਹਤ ਲਈ ਆਧੁਨਿਕ ਮਨੋਵਿਗਿਆਨਕ ਨਜ਼ਰੀਏ ਨਾਲ ਕਿਵੇਂ ਤੁਲਨਾ ਕਰ ਸਕਦੀ ਹੈ, ਅਤੇ ਚਿੰਤਾ, ਵਿਚਾਰ ਅਤੇ ਮਨੋਵਿਗਿਆਨਕ ਸੰਕਟ ਦੇ ਹੋਰ ਰੂਪਾਂ ਨੂੰ ਹੱਲ ਕਰਨ ਲਈ ਇਸਦੇ ਕੀ ਵਿਵਹਾਰਿਕ ਰੂਪ ਲਾਗੂ ਹੋ ਸਕਦੇ ਹਨ?